# ਪੇਸ਼ੇਵਰ ਮਿਆਰ

## ਮੌਖਿਕ ਸਿਹਤ ਟੀਮ ਲਈ

ਜੂਨ 30, 2025

***ਅਨੁਵਾਦ ਬਾਰੇ ਨੋਟ***

*ਇਹ ਅਨੁਵਾਦ ਮੌਖਿਕ ਸਿਹਤ ਟੀਮ ਲਈ ਪੇਸ਼ੇਵਰ ਮਿਆਰਾਂ ਤੀਕ ਵਧੇਰੇ ਪਹੁੰਚਯੋਗਤਾ ਅਤੇ ਸਮਝ ਦਾ ਸਮਰਥਨ ਕਰਨ ਲਈ ਪ੍ਰਦਾਨ ਕੀਤਾ ਗਿਆ ਹੈ।*

*ਹਾਲਾਂਕਿ ਅਨੁਵਾਦ ਦੀ ਦਰੁਸਤੀ ਯਕੀਨੀ ਬਣਾਉਣ ਦਾ ਧਿਆਨ ਰੱਖਿਆ ਗਿਆ ਹੈ, ਹੋ ਸਕਦਾ ਹੈ ਕਿ ਇਹ ਮੂਲ ਸਮੱਗਰੀ ਨੂੰ ਪੂਰੀ ਤਰ੍ਹਾਂ ਪ੍ਰਤੀਬਿੰਬਤ ਨਾ ਕਰਦਾ ਹੋਵੇ ਅਤੇ ਅਣਜਾਣੇ ਵਿੱਚ ਗਲਤੀਆਂ ਜਾਂ ਤਰੁੱਟੀਆਂ ਸ਼ਾਮਲ ਹੋ ਸਕਦੀਆਂ ਹਨ। ਸਾਰੇ ਮਾਮਲਿਆਂ ਵਿੱਚ ਮੌਲਿਕ ਅੰਗਰੇਜ਼ੀ ਸੰਸਕਰਣ ਅਧਿਕਾਰਤ ਅਤੇ ਪਰਮਾਣਤ ਮੂਲਪਾਠ ਹੋਵੇਗਾ।*

BCCOHP | British Columbia College of Oral Health Professionals

# BCCOHP ਦੇ ਮਿਆਰੀ ਢਾਂਚੇ ਬਾਰੇ

ਬ੍ਰਿਟਿਸ਼ ਕੋਲੰਬੀਆ ਕਾਲਜ ਆਫ਼ ਓਰਲ ਹੈੱਲਥ ਪ੍ਰੋਫ਼ੈਸ਼ਨਲਜ਼ (BCCOHP) ਦਾ ਮਿਆਰੀ ਢਾਂਚਾਂ ਦੋ ਤਰ੍ਹਾਂ ਦੇ ਮਿਆਰਾਂ ਤੋਂ ਬਣਿਆ ਹੋਇਆ ਹੈ:

## ਪੇਸ਼ੇਵਰ ਮਿਆਰ

ਮੌਖਿਕ ਸਿਹਤ ਪੇਸ਼ੇਵਰਾਂ ਨੂੰ ਪੇਸ਼ੇਵਰ ਅਤੇ ਨੈਤਿਕ ਕਾਰਗੁਜ਼ਾਰੀ, ਵਤੀਰੇ ਅਤੇ ਵਿਵਹਾਰ ਦੇ ਸੰਬੰਧ ਵਿੱਚ BCCOHP ਦੇ **ਪੇਸ਼ੇਵਰ ਮਿਆਰਾਂ** ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ। ਪੇਸ਼ੇਵਰ ਮਿਆਰ ਮੌਖਿਕ ਸਿਹਤ ਸੰਭਾਲ ਦੇ ਸਾਰੇ ਪਹਿਲੂਆਂ 'ਤੇ ਲਾਗੂ ਹੁੰਦੇ ਹਨ।

## ਅਭਿਆਸ (ਪ੍ਰੈਕਟਿਸ) ਮਿਆਰ

**ਅਭਿਆਸ ਮਿਆਰ** ਮੌਖਿਕ ਸਿਹਤ ਸੰਭਾਲ ਦੇ ਉੱਚ-ਜੋਖ਼ਮ ਵਾਲੇ ਪਹਿਲੂਆਂ ਲਈ ਵਧੀਕ ਲੋੜਾਂ ਹਨ ਜਿਨ੍ਹਾਂ ਨੂੰ ਪੇਸ਼ੇਵਰ ਮਿਆਰਾਂ ਦੇ ਨਾਲ-ਨਾਲ ਪੂਰਾ ਕਰਨਾ ਲਾਜ਼ਮੀ ਹੈ।

---

ਪੇਸ਼ੇਵਰ ਮਿਆਰ BCCOHP ਦੇ ਮਿਆਰੀ ਢਾਂਚੇ ਦੀ ਨੀਂਹ ਹਨ। ਇਕੱਠੇ ਮਿਲ ਕੇ, ਪੇਸ਼ੇਵਰ ਅਤੇ ਅਭਿਆਸ ਮਿਆਰ ਸੁਰੱਖਿਅਤ ਮੌਖਿਕ ਸਿਹਤ ਸੰਭਾਲ ਪ੍ਰਦਾਨ ਕਰਨ ਵਿੱਚ ਮੌਖਿਕ ਸਿਹਤ ਸੰਬੰਧੀ ਪੇਸ਼ੇਵਰਾਂ ਦਾ ਸਮਰਥਨ ਕਰਦੇ ਹਨ ਅਤੇ ਨਾਲ ਹੀ ਮਰੀਜ਼ਾਂ ਨੂੰ ਇਸ ਬਾਰੇ ਹਵਾਲਾ ਵੀ ਪ੍ਰਦਾਨ ਕਰਦੇ ਹਨ ਕਿ ਮੌਖਿਕ ਸਿਹਤ ਸੰਬੰਧੀ ਪੇਸ਼ੇਵਰਾਂ ਤੋਂ ਕੀ ਉਮੀਦ ਕਰਨੀ ਚਾਹੀਦੀ ਹੈ।

# BCCOHP

# ਦੇ ਮਿਆਰਾਂ ਦੀ ਪਾਲਣਾ

ਪੇਸ਼ੇਵਰ ਮਿਆਰ ਮੌਖਿਕ ਸਿਹਤ ਪੇਸ਼ੇਵਰਾਂ ਲਈ ਘੱਟੋ-ਘੱਟ ਪੇਸ਼ੇਵਰ ਅਤੇ ਨੈਤਿਕ ਲੋੜਾਂ ਹਨ। ਨਿਯੰਤ੍ਰਿਤ ਕੀਤੇ ਜਾਂਦੇ ਮੌਖਿਕ ਸਿਹਤ ਪੇਸ਼ੇਵਰਾਂ ਲਈ ਮਿਆਰਾਂ ਦੀ ਪਾਲਣਾ ਕਰਨਾ ਲਾਜ਼ਮੀ ਹੈ। ਮਿਆਰਾਂ ਦੀ ਵਰਤੋਂ ਸ਼ਿਕਾਇਤਾਂ ਦੀਆਂ ਜਾਂਚਾਂ ਦੇ ਮੁਲਾਂਕਣ ਸਮੇਤ, ਨਿਯੰਤ੍ਰਕ ਫ਼ੈਸਲੇ ਕਰਨ ਲਈ ਕੀਤੀ ਜਾਵੇਗੀ, ਅਤੇ ਮਿਆਰਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣ ਨੂੰ ਪੇਸ਼ੇਵਰ ਦੁਰਾਚਾਰ ਮੰਨਿਆ ਜਾ ਸਕਦਾ ਹੈ।

ਉਹ ਮੌਖਿਕ ਸਿਹਤ ਸੰਭਾਲ ਦੀ ਵਿਵਸਥਾ ਵਿੱਚ ਸ਼ਾਮਲ ਟੀਮ ਦੇ ਸਾਰੇ ਮੈਂਬਰਾਂ ਉੱਪਰ ਲਾਗੂ ਹੁੰਦੇ ਹਨ, ਭਾਵੇਂ ਮਰੀਜ਼ ਨਾਲ ਸਿੱਧਾ ਜਾਂ ਅਸਿੱਧਾ ਸੰਪਰਕ ਹੋਵੇ, ਜਿਸ ਵਿੱਚ ਸ਼ਾਮਲ ਹਨ:

- ਸਰਟੀਫ਼ਾਈਡ ਡੈਂਟਲ ਅਸਿਸਟੈਂਟ
- ਡੈਂਟਲ ਹਾਈਜੀਨਿਸਟ
- ਡੈਂਟਲ ਟੈਕਨੀਸ਼ੀਅਨ
- ਡੈਂਟਲ ਥੈਰਾਪਿਸਟ
- ਦੰਦਾਂ ਦੇ ਡਾਕਟਰ
- ਡੈਨਚਰਿਸਟ

ਹੋਰ ਸਿਹਤ ਪੇਸ਼ੇਵਰਾਂ, ਟੀਮ ਦੇ ਨਿਯੰਤ੍ਰਿਤ ਨਾ ਕੀਤੇ ਜਾਂਦੇ ਮੈਂਬਰਾਂ ਅਤੇ ਅਮਲਾ ਜੋ ਮੌਖਿਕ ਸਿਹਤ ਟੀਮ ਦੀ ਸਹਾਇਤਾ ਕਰਦੇ ਹਨ, ਨੂੰ ਵੀ ਮੌਖਿਕ ਸਿਹਤ ਸੰਭਾਲ ਦੇ ਪੇਸ਼ੇਵਰ ਅਤੇ ਅਭਿਆਸ ਮਿਆਰਾਂ ਤੋਂ ਜਾਣੂ ਹੋਣਾ ਅਤੇ ਉਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਅਭਿਆਸ ਦੇ ਕਾਰਜ ਖੇਤਰ ਦੇ ਬਾਵਜੂਦ, ਮੌਖਿਕ ਸਿਹਤ ਟੀਮ ਲਈ ਮਿਆਰਾਂ ਨੂੰ ਜਾਣਨਾ ਅਤੇ ਸਮਝਣਾ ਅਤੇ ਮਰੀਜ਼ ਦੀ ਸੁਰੱਖਿਆ ਲਈ ਸਾਂਝੀ ਜਵਾਬਦੇਹੀ ਲੈਣੀ ਮਹੱਤਵਪੂਰਨ ਹੈ।

## ਪੇਸ਼ੇਵਰ ਸੂਝ

ਅਸੀਂ ਵਿਸਤ੍ਰਿਤ ਅਤੇ ਆਦੇਸ਼ਕ ਨਿਯਮਾਂ ਦੀ ਬਜਾਏ ਉੱਚ-ਪੱਧਰੇ, ਵਿਆਪਕ ਰੂਪ ਵਿੱਚ ਦੱਸੇ ਗਏ ਸਿਧਾਤਾਂ ਰਾਹੀਂ ਉਮੀਦਾਂ ਨਿਰਧਾਰਤ ਕਰਦੇ ਹਾਂ। ਇੱਕ ਸਿਧਾਂਤ-ਅਧਾਰਕ ਪਹੁੰਚ ਉਨ੍ਹਾਂ ਮੌਖਿਕ ਸਿਹਤ ਪੇਸ਼ੇਵਰਾਂ ਨੂੰ ਵਿਸਤਾਰ ਖੇਤਰ (ਸੁਤੰਤਰਤਾ) ਦਿੰਦੀ ਹੈ ਜਿਨ੍ਹਾਂ ਦੀ ਅਸੀਂ ਨਿਗਰਾਨੀ ਕਰਦੇ ਹਾਂ ਤਾਂ ਜੋ ਉਹ ਮਰੀਜ਼ਾਂ ਨੂੰ ਸੁਰੱਖਿਅਤ ਦੇਖਭਾਲ ਪ੍ਰਦਾਨ ਕਰਨ ਦੇ ਫ਼ੈਸਲੇ ਲੈਣ। ਸਾਡੇ ਮਿਆਰ ਬਹੁਤ ਵਿਸਤ੍ਰਿਤ ਹੋਣ ਲਈ ਨਹੀਂ ਵਿਉਂਤੇ ਗਏ ਅਤੇ ਇਹ ਪੇਸ਼ੇਵਰ ਸੂਝ ਅਤੇ ਮਰੀਜ਼ ਦੀਆਂ ਵਿਅਕਤੀਗਤ ਲੋੜਾਂ ਦੇ ਸੁਮੇਲ ਅਨੁਸਾਰ ਵਰਤੇ ਜਾਣੇ ਚਾਹੀਦੇ ਹਨ।

## ਮਰੀਜ਼ ਏਜੰਸੀ (ਆਪਣੇ ਫ਼ੈਸਲੇ ਕਰਨ ਦਾ ਅਧਿਕਾਰ)

ਮਿਆਰ ਮਰੀਜ਼ਾਂ ਅਤੇ ਬੀਸੀ ਦੀ ਜਨਤਾ ਨੂੰ ਉਨ੍ਹਾਂ ਦੀ ਮੌਖਿਕ ਸਿਹਤ ਟੀਮ ਲਈ ਲਾਈਆਂ ਸ਼ਰਤਾਂ ਨੂੰ ਸਮਝਣ ਵਿੱਚ ਮਦਦ ਕਰਨ ਲਈ ਲਿਖੇ ਗਏ ਹਨ, ਅਤੇ ਉਨ੍ਹਾਂ ਨੂੰ ਇਹ ਜਾਣਨ ਦਾ ਅਧਿਕਾਰ ਦਿੰਦੇ ਹਨ ਕਿ ਉਨ੍ਹਾਂ ਨੇ ਆਪਣੀ ਮੌਖਿਕ ਸਿਹਤ ਟੀਮ ਤੋਂ ਕੀ ਉਮੀਦ ਕਰਨੀ ਹੈ ਅਤੇ ਆਪਣੀ ਮੌਖਿਕ ਸਿਹਤ ਸੰਭਾਲ ਦੀ ਵਕਾਲਤ ਕਿਵੇਂ ਕਰਨੀ ਹੈ। ਇਸਨੂੰ ਹੇਠ ਦਿੱਤੇ ਮਰੀਜ਼ਾਂ ਸੰਬੰਧੀ ਨਤੀਜਿਆਂ ਵਿੱਚ ਦਰਜ ਕੀਤਾ ਗਿਆ ਹੈ।

# ਵਿਸ਼ਿਆਂ ਦੀ ਸਾਰਣੀ

BCCOHP ਦੇ ਮਿਆਰੀ ਢਾਂਚੇ ਬਾਰੇ .......... 2
ਵਿਸ਼ਿਆਂ ਦੀ ਸਾਰਣੀ .......... 4
ਜਾਣ-ਪਛਾਣ .......... 5
ਮੌਖਿਕ ਸਿਹਤ ਸੰਭਾਲ ਵਾਸਤੇ ਸਿਧਾਂਤ .......... 7
ਪੇਸ਼ੇਵਰ ਮਿਆਰ ਅਤੇ ਮਰੀਜ਼ ਲਈ ਨਤੀਜੇ .......... 8
ਸਿਧਾਂਤ 1: ਮਰੀਜ਼ ਦੇ ਹਿਤਾਂ ਨੂੰ ਪਹਿਲ ਦਿਓ .......... 9
ਸਿਧਾਂਤ 2: ਸੁਰੱਖਿਅਤ ਅਤੇ ਯੋਗ ਦੇਖਭਾਲ ਪ੍ਰਦਾਨ ਕਰੋ .......... 10
ਸਿਧਾਂਤ 3: ਸੱਭਿਆਚਾਰਕ ਤੌਰ 'ਤੇ ਜਾਗਰੂਕ, ਨਿਆਸੰਗਤ ਅਤੇ ਸਮਾਵੇਸ਼ੀ ਬਣੋ .......... 11
ਸਿਧਾਂਤ 4: ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ (ਗੱਲਬਾਤ) ਕਰੋ ਅਤੇ ਜਾਣਕਾਰੀ ਦੇ ਕੇ ਸਹਿਮਤੀ ਪ੍ਰਾਪਤ ਕਰੋ .......... 12
ਸਿਧਾਂਤ 5: ਮਰੀਜ਼ ਦੇ ਹਿਤ ਵਿੱਚ ਸਹਿਯੋਗ ਕਰੋ .......... 13
ਸਿਧਾਂਤ 6: ਜਨਤਕ ਵਿਸ਼ਵਾਸ਼ ਕਾਇਮ ਕਰਨਾ ਅਤੇ ਬਣਾਈ ਰੱਖਣਾ .......... 14
ਮਿਆਰਾਂ ਦੀ ਪਾਲਣਾ ਕਿਵੇਂ ਕਰਨੀ ਹੈ .......... 15
ਸਿਧਾਂਤ 1: ਮਰੀਜ਼ ਦੇ ਹਿਤਾਂ ਨੂੰ ਪਹਿਲ ਦਿਓ .......... 16
ਸਿਧਾਂਤ 2: ਸੁਰੱਖਿਅਤ ਅਤੇ ਯੋਗ ਦੇਖਭਾਲ ਪ੍ਰਦਾਨ ਕਰੋ .......... 19
ਸਿਧਾਂਤ 3: ਸੱਭਿਆਚਾਰਕ ਤੌਰ 'ਤੇ ਜਾਗਰੂਕ, ਨਿਆਸੰਗਤ ਅਤੇ ਸਮਾਵੇਸ਼ੀ ਬਣੋ .......... 22
ਸਿਧਾਂਤ 4: ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ (ਗੱਲਬਾਤ) ਕਰੋ ਅਤੇ ਜਾਣਕਾਰੀ ਦੇ ਕੇ ਸਹਿਮਤੀ ਪ੍ਰਾਪਤ ਕਰੋ .......... 24
ਸਿਧਾਂਤ 5: ਮਰੀਜ਼ ਦੇ ਹਿਤ ਵਿੱਚ ਸਹਿਯੋਗ ਕਰੋ .......... 26
ਸਿਧਾਂਤ 6: ਜਨਤਕ ਵਿਸ਼ਵਾਸ਼ ਕਾਇਮ ਕਰਨਾ ਅਤੇ ਬਣਾਈ ਰੱਖਣਾ .......... 28
ਪਰਿਭਾਸ਼ਿਕ ਸ਼ਬਦਾਵਲੀ .......... 31

# ਜਾਣ-ਪਛਾਣ

BCCOHP ਦਾ ਜਨਤਾ ਦੀ ਰੱਖਿਆ ਕਰਨ ਦੇ ਮੁੱਖ ਤਰੀਕਿਆਂ ਵਿੱਚੋਂ ਇੱਕ ਸੁਰੱਖਿਅਤ, ਮਰੀਜ਼-ਕੇਂਦਰਿਤ ਮੌਖਿਕ ਸਿਹਤ ਸੰਭਾਲ ਪ੍ਰਦਾਨ ਕਰਨ ਲਈ ਸਪੱਸ਼ਟ ਉਮੀਦਾਂ ਨਿਰਧਾਰਤ ਕਰਕੇ ਹੈ।

BCCOHP ਦੇ ਇਹ ਪੇਸ਼ੇਵਰ ਮਿਆਰ ਬੀਸੀ ਵਿੱਚ ਮੌਖਿਕ ਸਿਹਤ ਪੇਸ਼ੇਵਰਾਂ ਲਈ ਪੇਸ਼ੇਵਰ ਅਤੇ ਨੈਤਿਕ ਕਾਰਗੁਜ਼ਾਰੀ, ਵਤੀਰੇ ਅਤੇ ਵਿਹਾਰ ਲਈ ਘੱਟੋ-ਘੱਟ ਲੋੜਾਂ ਹਨ। ਪੇਸ਼ੇਵਰ ਮਿਆਰ BCCOHP ਦੇ ਮਿਆਰੀ ਢਾਂਚੇ ਦੀ ਨੀਂਹ ਹਨ। ਉਹ ਮੁੱਖ ਪੇਸ਼ੇਵਰ ਅਤੇ ਨੈਤਿਕ ਸ਼ਰਤਾਂ ਹਨ ਜੋ ਮੌਖਿਕ ਸਿਹਤ ਸੰਭਾਲ ਅਤੇ ਸਾਰੇ ਮੌਖਿਕ ਸਿਹਤ ਸੰਭਾਲ ਪੇਸ਼ੇਵਰਾਂ ਦੇ ਸਾਰੇ ਪਹਿਲੂਆਂ ਉੱਪਰ ਲਾਗੂ ਹੁੰਦੇ ਹਨ।

## ਮੌਖਿਕ ਸਿਹਤ ਸੰਭਾਲ ਟੀਮ

ਪੇਸ਼ੇਵਰ ਮਿਆਰ ਇੱਕ ਟੀਮ-ਅਧਾਰਤ ਪਹੁੰਚ ਨਾਲ ਕੰਮ ਕਰਦੇ ਹਨ ਅਤੇ ਸਮੁੱਚੀ ਮੌਖਿਕ ਸਿਹਤ ਟੀਮ ਲਈ ਲਿਖੇ ਗਏ ਹਨ, ਸਮੇਤ ਨਿਯੰਤ੍ਰਿਤ ਮੈਂਬਰਾਂ ਅਤੇ ਅਨਿਯੰਤ੍ਰਿਤ ਮੈਂਬਰਾਂ ਅਤੇ ਤੁਹਾਡੀ ਮੌਖਿਕ ਸਿਹਤ ਸੁਵਿਧਾ ਤੋਂ ਬਾਹਰ ਦੇ ਮੌਖਿਕ ਸਿਹਤ ਪੇਸ਼ੇਵਰਾਂ ਦੇ ਜੋ ਮਰੀਜ਼ ਦੀ ਸਿਹਤ ਅਤੇ ਸੁਰੱਖਿਆ ਵਿੱਚ ਵੀ ਭੂਮਿਕਾ ਨਿਭਾਉਂਦੇ ਹਨ। ਅਨਿਯੰਤ੍ਰਿਤ ਮੈਂਬਰਾਂ ਦੀਆਂ ਉਦਾਹਰਨਾਂ ਵਿੱਚ ਚੇਅਰਸਾਈਡ ਸਹਾਇਕ, ਲੈਬੋਰਟਰੀ ਸਹਾਇਕ ਅਮਲਾ, ਦਫ਼ਤਰ ਮੈਨੇਜਰ ਅਤੇ ਰਿਸੈਪਸ਼ਨਿਸਟ ਸ਼ਾਮਲ ਹਨ।

ਇਹ ਮਿਆਰ ਮੌਖਿਕ ਸਿਹਤ ਟੀਮ ਦੇ ਸਾਰੇ ਮੈਂਬਰਾਂ ਲਈ ਸਹਿਯੋਗ ਅਤੇ ਜਵਾਬਦੇਹੀ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਵਧਾਵਾ ਦਿੰਦੇ ਹਨ। ਹਾਲਾਂਕਿ ਕੇਵਲ ਨਿਯੰਤ੍ਰਿਤ ਸਿਹਤ ਪੇਸ਼ੇਵਰਾਂ ਲਈ ਮਿਆਰਾਂ ਦੀ ਪਾਲਣਾ ਕਰਨੀ ਜ਼ਰੂਰੀ ਹੁੰਦੀ ਹੈ, ਮਰੀਜ਼ਾਂ ਦੀ ਸੁਰੱਖਿਆ ਲਈ ਇਹ ਮਹੱਤਵਪੂਰਨ ਹੈ ਕਿ ਟੀਮ ਦੇ ਅਨਿਯੰਤ੍ਰਿਤ ਮੈਂਬਰ ਵੀ ਮਿਆਰਾਂ ਤੋਂ ਜਾਣੂ ਹੋਣ ਅਤੇ ਉਨ੍ਹਾਂ ਅਨੁਸਾਰ ਕੰਮ ਕਰਨ।

## ਮਰੀਜ਼-ਕੇਂਦ੍ਰਿਤ

ਪੇਸ਼ੇਵਰ ਮਿਆਰ ਬੀਸੀ ਵਿੱਚ ਮਰੀਜ਼ਾਂ ਅਤੇ ਜਨਤਾ ਲਈ ਵੀ ਲਿਖੇ ਗਏ ਹਨ। ਮਿਆਰਾਂ ਵਿੱਚ ਵਰਤੀ ਗਈ ਭਾਸ਼ਾ ਦਾ ਉਦੇਸ਼ ਸਾਰੇ ਲੋਕਾਂ ਲਈ ਸਪੱਸ਼ਟ ਅਤੇ ਸਮਝਣਯੋਗ ਹੋਣਾ ਹੈ।

ਇਸ ਤੋਂ ਇਲਾਵਾ, ਮਿਆਰਾਂ ਵਿੱਚ ਮਰੀਜ਼ਾਂ ਨੂੰ ਇਹ ਸੂਚਿਤ ਕਰਨ ਲਈ "ਮਰੀਜ਼ਾਂ ਲਈ ਨਤੀਜੇ" ਸਾਦੀ ਭਾਸ਼ਾ ਵਿੱਚ ਸ਼ਾਮਲ ਕੀਤੇ ਹਨ ਕਿ ਉਹ ਆਪਣੇ ਮੌਖਿਕ ਸਿਹਤ ਪੇਸ਼ੇਵਰਾਂ ਤੋਂ ਕੀ ਉਮੀਦ ਕਰ ਸਕਦੇ ਹਨ ਤਾਂ ਜੋ ਮਰੀਜ਼ਾਂ ਨੂੰ ਉਨ੍ਹਾਂ ਦੀ ਮੌਖਿਕ ਸਿਹਤ ਸੰਭਾਲ ਦੀ ਵਕਾਲਤ ਕਰਨ ਦੇ ਸਮਰੱਥ ਬਣਾਇਆ ਜਾ ਸਕੇ।

## ਪਹੁੰਚ

ਪੇਸ਼ੇਵਰ ਮਿਆਰ, ਜੋ ਹਾਲੇ ਵੀ BCCOHP ਦੁਆਰਾ ਲਾਗੂ ਕਰਨਯੋਗ ਹਨ, ਉਚਿਤ ਢੰਗ ਨਾਲ ਅਤੇ ਸਿਧਾਂਤ-ਅਧਾਰਤ ਦ੍ਰਿਸ਼ਟੀਕੋਣ ਅਪਣਾਉਂਦੇ ਹਨ ਜੋ ਜੋਖਮ ਨੂੰ ਧਿਆਨ ਵਿੱਚ ਰੱਖ ਕੇ, ਪੇਸ਼ੇਵਰ ਖ਼ੁਦਮੁਖ਼ਤਿਆਰੀ ਅਤੇ ਮਰੀਜ਼ ਦੀਆਂ ਵਿਅਕਤੀਗਤ ਹਾਲਤਾਂ ਅਨੁਸਾਰ ਕੰਮ ਕਰਦੇ ਹਨ।

ਇਸ ਦਸਤਾਵੇਜ਼ ਵਿੱਚ ਨਿਰਧਾਰਤ ਮਿਆਰਾਂ ਨੂੰ ਅਤਿ-ਮਹੱਤਵਪੂਰਨ ਸਿਧਾਂਤਾਂ ਅਨੁਸਾਰ ਸੰਗਠਿਤ ਕੀਤਾ ਗਿਆ ਹੈ ਜੋ ਖ਼ੁਦਮੁਖ਼ਤਿਆਰੀ (ਵਿਅਕਤੀਗਤ ਚੋਣ), ਲਾਭਕਾਰੀ (ਚੰਗਾ ਕਰਨਾ), ਗੈਰ-ਮਾੜੇਪਣ (ਕੋਈ ਨੁਕਸਾਨ ਨਾ ਪਹੁੰਚਾਉਣਾ) ਅਤੇ ਨਿਆਂ (ਨਿਰਪੱਖਤਾ) ਦੇ ਜੈਵਿਕ-ਨੈਤਕਿਤਾ ਦੇ ਸਿਧਾਂਤਾਂ ਨੂੰ ਮੱਦੇਨਜ਼ਰ ਰੱਖਦੇ ਹਨ, ਜੋ ਸਿਹਤ ਸੰਭਾਲ ਵਿੱਚ ਨੈਤਿਕ ਫ਼ੈਸਲੇ ਲੈਣ ਨੂੰ ਮਜ਼ਬੂਤ ਕਰਦੇ ਹਨ।

ਪੇਸ਼ੇਵਰ ਮਿਆਰਾਂ ਦਾ ਵਿਕਾਸ ਜਨਤਾ ਦੇ ਮੈਂਬਰਾਂ ਅਤੇ ਮੌਖਿਕ ਸਿਹਤ ਪੇਸ਼ੇਵਰਾਂ ਨਾਲ ਸਲਾਹ-ਮਸ਼ਵਰਾ ਕਰਕੇ ਕੀਤਾ ਗਿਆ ਸੀ। ਇਹ ਯਕੀਨੀ ਬਣਾਉਣ ਲਈ ਕਿ ਮਿਆਰ ਸਮੇਂ ਦੇ ਹਾਣੀ ਰਹਿਣ, ਉਨ੍ਹਾਂ ਦਾ ਮੁਲਾਂਕਣ ਅਤੇ ਅੱਪਡੇਟ ਯੋਜਨਾਬੱਧ ਸਮੀਖਿਆ ਪ੍ਰਕਿਰਿਆ ਰਾਹੀਂ ਜਾਰੀ ਰਹੇਗਾ।

---

## ਵਧੀਕ ਜਾਣਕਾਰੀ

ਪੇਸ਼ੇਵਰ ਮਿਆਰਾਂ ਨੂੰ ਹੇਠ ਲਿਖਿਆਂ ਦੇ ਅਨੁਸਾਰ ਵਿਕਸਤ ਕੀਤਾ ਗਿਆ ਸੀ:

- BCCOHP ਦੀ ਰੈਗੂਲੇਟਰੀ ਪਹੁੰਚ
- ਉਚਿਤ ਨਿਯੰਤ੍ਰਣ
- ਬੀਸੀ ਵਿੱਚ ਵਰਤਮਾਨ ਅਤੇ ਭਵਿੱਖ ਦੇ ਸਿਹਤ ਕਨੂੰਨ, *ਜਿਸ ਵਿੱਚ ਮੌਜੂਦਾ ਹੈਲਥ ਪ੍ਰੋਫ਼ੈਸ਼ਨਜ਼ ਐਕਟ* ਅਤੇ ਆਉਣ ਵਾਲੇ *ਹੈਲਥ ਪ੍ਰੋਫ਼ੈਸ਼ਨਜ਼ ਅਤੇ ਆਕੂਪੇਸ਼ਨ ਐਕਟ ਸ਼ਾਮਲ ਹਨ।*

# ਮੌਖਿਕ ਸਿਹਤ ਸੰਭਾਲ ਵਾਸਤੇ ਸਿਧਾਂਤ

ਮੌਖਿਕ ਸਿਹਤ ਸੰਭਾਲ ਪ੍ਰਦਾਨ ਕਰਦੇ ਸਮੇਂ, ਮੌਖਿਕ ਸਿਹਤ ਟੀਮ ਦੀ ਇਹ ਨੈਤਿਕ ਅਤੇ ਪੇਸ਼ੇਵਰ ਜ਼ਿੰਮੇਵਾਰੀ ਹੁੰਦੀ ਹੈ:

1. ਮਰੀਜ਼ਾਂ ਦੇ ਹਿਤਾਂ ਨੂੰ ਪਹਿਲ ਦਿਓ

2. ਸੁਰੱਖਿਅਤ ਦੇਖਭਾਲ ਪ੍ਰਦਾਨ ਕਰੋ

3. ਸੱਭਿਆਚਾਰਕ ਤੌਰ 'ਤੇ ਜਾਗਰੂਕ, ਨਿਆਸੰਗਤ, ਅਤੇ ਸਮਾਵੇਸ਼ੀ ਬਣੋ

4. ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ (ਗੱਲਬਾਤ) ਕਰੋ ਅਤੇ ਜਾਇਜ਼ ਸਹਿਮਤੀ ਪ੍ਰਾਪਤ ਕਰੋ

5. ਮਰੀਜ਼ ਦੇ ਹਿਤ ਵਿੱਚ ਸਹਿਯੋਗ ਕਰੋ

6. ਜਨਤਕ ਵਿਸ਼ਵਾਸ਼ ਕਾਇਮ ਕਰੋ ਅਤੇ ਬਣਾਈ ਰੱਖੋ

ਮੌਖਿਕ ਸਿਹਤ ਸੰਭਾਲ ਲਈ ਸਿਧਾਂਤ ਪੇਸ਼ੇਵਰ ਅਤੇ ਨੈਤਿਕ ਸੰਭਾਲ ਕਿਵੇਂ ਪ੍ਰਦਾਨ ਕਰਨੀ ਹੈ ਲਈ ਮਾਰਗਦਰਸ਼ਕ ਹਨ।

ਅਗਲੇ ਪੰਨੇ ਉਪਰੋਕਤ ਛੇ ਸਿਧਾਂਤਾਂ ਵਿੱਚੋਂ ਹਰੇਕ ਦੀ ਵਿਆਖਿਆ ਕਰਦੇ ਹਨ ਅਤੇ ਮੌਖਿਕ ਸਿਹਤ ਟੀਮ ਲਈਂ ਲੋੜੀਂਦੇ ਸੰਬੰਧਿਤ ਪੇਸ਼ੇਵਰ ਮਿਆਰਾਂ ਦੀ ਰੂਪਰੇਖਾ ਦਿੰਦੇ ਹਨ।

# ਪੇਸ਼ੇਵਰ ਮਿਆਰ ਅਤੇ ਮਰੀਜ਼ ਲਈ ਨਤੀਜੇ

ਅਗਲੇ ਪੰਨੇ ਪੇਸ਼ੇਵਰ ਮਿਆਰਾਂ ਅਤੇ ਸੰਬੰਧਿਤ ਨਤੀਜਿਆਂ ਦੀ ਰੂਪਰੇਖਾ ਦਿੰਦੇ ਹਨ ਕਿ ਮਰੀਜ਼ ਆਪਣੇ ਮੌਖਿਕ ਸਿਹਤ ਪੇਸ਼ੇਵਰਾਂ ਤੋਂ ਕੀ ਉਮੀਦ ਕਰ ਸਕਦੇ ਹਨ।

ਮਿਆਰ ਦੂਜੇ ਵਿਅਕਤੀ ("ਤੁਸੀਂ") ਦੇ ਦ੍ਰਿਸ਼ਟੀਕੋਣ ਤੋਂ ਲਿਖੇ ਗਏ ਹਨ ਅਤੇ ਸਾਰੇ ਮੌਖਿਕ ਸਿਹਤ ਪੇਸ਼ੇਵਰਾਂ ਉੱਪਰ ਲਾਗੂ ਹੁੰਦੇ ਹਨ। ਮਰੀਜ਼ ਲਈ ਨਤੀਜੇ ਵੀ ਮਰੀਜ਼ ਦੇ ਨਜ਼ਰੀਏ ਤੋਂ ਦੂਜੇ ਵਿਅਕਤੀ ਵਜੋਂ ਲਿਖੇ ਗਏ ਹਨ।

ਮਿਆਰਾਂ ਦੀ ਪਾਲਣਾ ਨੂੰ ਕਿਵੇਂ ਪਰਮਾਣਿਤ ਕਰਨਾ ਹੈ, ਇਸ ਬਾਰੇ ਵਧੇਰੇ ਜਾਣਕਾਰੀ ਲਈ "ਮਿਆਰਾਂ ਦੀ ਪਾਲਣਾ ਕਿਵੇਂ ਕਰਨੀ ਹੈ" ਸੈਕਸ਼ਨ 'ਤੇ ਜਾਓ ਜਾਂ ਮਿਆਰ 'ਤੇ ਕਲਿੱਕ ਕਰੋ।

# ਸਿਧਾਂਤ 1: ਮਰੀਜ਼ ਦੇ ਹਿਤਾਂ ਨੂੰ ਪਹਿਲ ਦਿਓ

| ਪੇਸ਼ੇਵਰ ਮਿਆਰ | ਮਰੀਜ਼ ਲਈ ਨਤੀਜੇ |
|---|---|
| **ਮੌਖਿਕ ਸਿਹਤ ਟੀਮ ਦੇ ਹਿੱਸੇ ਵਜੋਂ, ਤੁਹਾਨੂੰ ਮਰੀਜ਼ ਦੇ ਹਿਤਾਂ ਨੂੰ ਪਹਿਲ ਦੇਣ ਲਈ ਹੇਠ ਲਿਖੇ ਮਿਆਰਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ:** | **ਮਰੀਜ਼ ਜਾਂ ਜਨਤਾ ਦੇ ਮੈਂਬਰ ਵਜੋਂ, ਮੌਖਿਕ ਸਿਹਤ ਦੇਖਭਾਲ ਪ੍ਰਾਪਤ ਕਰਨ ਸਮੇਂ ਤੁਸੀਂ ਹੇਠਾਂ ਦਿੱਤੀਆਂ ਚੀਜ਼ਾਂ ਦੀ ਉਮੀਦ ਕਰ ਸਕਦੇ ਹੋ:** |
| 1.1 ਤੁਹਾਡੇ ਲਈ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਤੁਹਾਡੇ ਮਰੀਜ਼ ਦੀਆਂ ਸਿਹਤ ਸੰਬੰਧੀ ਲੋੜਾਂ ਅਤੇ ਭਲਾਈ ਤੁਹਾਡੇ ਮੁੱਢਲੇ ਸਰੋਕਾਰ ਹਨ। | ਕਿ ਤੁਹਾਡੇ ਮੌਖਿਕ ਸਿਹਤ ਪੇਸ਼ੇਵਰ ਤੁਹਾਡੀਆਂ ਸਿਹਤ ਸੰਬੰਧੀ ਲੋੜਾਂ ਅਤੇ ਭਲਾਈ ਨੂੰ ਤਰਜੀਹ ਦੇ ਰਹੇ ਹਨ। |
| 1.2 ਤੁਹਾਡੇ ਲਈ ਅਜਿਹੇ ਹਿਤਾਂ ਦੇ ਟਕਰਾਵਾਂ ਦੀ ਪਛਾਣ ਕਰਨੀ ਅਤੇ ਉਨ੍ਹਾਂ ਨੂੰ ਹੱਲ ਕਰਨਾ ਲਾਜ਼ਮੀ ਹੈ ਜੋ ਤੁਹਾਡੇ ਪੇਸ਼ੇਵਰ ਫ਼ੈਸਲੇ ਜਾਂ ਮਰੀਜ਼ ਦੀ ਦੇਖਭਾਲ ਨਾਲ ਸਮਝੌਤਾ ਕਰ ਸਕਦੇ ਹਨ। | ਕਿ ਹਿਤਾਂ ਦੇ ਕੋਈ ਟਕਰਾਅ ਜੋ ਤੁਹਾਡੀ ਦੇਖਭਾਲ ਨੂੰ ਪ੍ਰਭਾਵਿਤ ਕਰ ਸਕਦੇ ਹਨ, ਉਨ੍ਹਾਂ ਬਾਰੇ ਸਪੱਸ਼ਟ ਕੀਤਾ ਜਾਵੇਗਾ ਅਤੇ ਉਚਿਤ ਤਰੀਕੇ ਨਾਲ ਨਜਿੱਠਿਆ ਜਾਵੇਗਾ। |
| 1.3 ਪਰਿਵਾਰਕ ਮੈਂਬਰਾਂ ਅਤੇ ਉਨ੍ਹਾਂ ਲੋਕਾਂ, ਦਾ ਇਲਾਜ ਕਰਦੇ ਸਮੇਂ ਤੁਹਾਨੂੰ ਲਾਜ਼ਮੀ ਤੌਰ 'ਤੇ ਹਿਤਾਂ ਦੇ ਟਕਰਾਅ ਦੀ ਪਛਾਣ ਕਰਨੀ ਚਾਹੀਦੀ ਹੈ, ਜਿਨ੍ਹਾਂ ਨਾਲ ਤੁਹਾਡਾ ਦੋਹਰਾ ਰਿਸ਼ਤਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਸੀਂ ਸੁਰੱਖਿਅਤ, ਉਦੇਸ਼ਪੂਰਨ ਦੇਖਭਾਲ ਪ੍ਰਦਾਨ ਕਰਦੇ ਹੋ। | ਕਿ ਤੁਹਾਡੇ ਅਤੇ ਤੁਹਾਡੇ ਮੌਖਿਕ ਸਿਹਤ ਪੇਸ਼ੇਵਰ ਵਿਚਕਾਰ ਨਿੱਜੀ ਰਿਸ਼ਤੇ ਦੇ ਨਤੀਜੇ ਵਜੋਂ ਕਿਸੇ ਵੀ ਸੁਆਰਥ ਬਾਰੇ ਸਪੱਸ਼ਟ ਕੀਤਾ ਜਾਵੇਗਾ ਅਤੇ ਉਚਿਤ ਤਰੀਕੇ ਨਾਲ ਨਜਿੱਠਿਆ ਜਾਵੇਗਾ। |
| 1.4 ਤੁਹਾਡੇ ਲਈ ਲਾਜ਼ਮੀ ਹੈ ਕਿ ਤੁਸੀਂ ਆਪਣੇ ਮਰੀਜ਼ ਨਾਲ ਆਦਰ ਨਾਲ ਵਿਹਾਰ ਕਰੋ। | ਆਦਰ ਕੀਤਾ ਜਾਣਾ ਚਾਹੀਦਾ ਹੈ। |
| 1.5 ਤੁਹਾਡੇ ਲਈ ਲਾਜ਼ਮੀ ਹੈ ਕਿ ਤੁਸੀਂ ਉਹ ਸੰਭਾਲ ਪ੍ਰਦਾਨ ਕਰੋ ਜੋ ਤੁਹਾਡੇ ਮਰੀਜ਼ ਦੀ ਸਮੁੱਚੀ ਸਿਹਤ ਅਤੇ ਭਲਾਈ ਦਾ ਧਿਆਨ ਰੱਖਦੀ ਹੋਵੇ। | ਕਿ ਤੁਹਾਡੀ ਸੰਭਾਲ ਤੁਹਾਡੀਆਂ ਸਿਹਤ ਲੋੜਾਂ ਲਈ ਵਿਸ਼ੇਸ਼ ਹੈ। |
| 1.6 ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਮਰੀਜ਼ ਦੀ ਨਿੱਜੀ ਅਤੇ ਸਿਹਤ ਜਾਣਕਾਰੀ ਗੁਪਤ ਰੱਖਣੀ ਚਾਹੀਦੀ ਹੈ। | ਕਿ ਤੁਹਾਡੀ ਨਿੱਜੀ ਅਤੇ ਸਿਹਤ ਜਾਣਕਾਰੀ ਗੁਪਤ ਰਹਿੰਦੀ ਹੈ ਅਤੇ ਤੁਹਾਡੀ ਸਹਿਮਤੀ ਤੋਂ ਬਿਨਾਂ ਕਿਸੇ ਨਾਲ ਸਾਂਝੀ ਨਹੀਂ ਕੀਤੀ ਜਾਂਦੀ। |
| 1.7 ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਮਰੀਜ਼ ਦੇ ਸਰੋਕਾਰ ਉਠਾਉਣ ਦੇ ਅਧਿਕਾਰ ਦਾ ਆਦਰ ਕਰਨਾ ਚਾਹੀਦਾ ਹੈ। | ਦੇਖਭਾਲ ਤੋਂ ਨਾਖੁਸ਼ ਹੋਣ 'ਤੇ ਸਰੋਕਾਰ ਉਠਾਉਣ ਜਾਂ ਸ਼ਿਕਾਇਤ ਦਰਜ ਕਰਵਾਉਣ ਦੇ ਯੋਗ ਹੋਣਾ। |
| 1.8 ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਮਰੀਜ਼ ਦੀ ਸੰਭਾਲ ਦੀ ਨਿਰੰਤਰਤਾ ਦਾ ਸਮਰਥਨ ਕਰਨਾ ਚਾਹੀਦਾ ਹੈ। | ਕਿ ਤੁਹਾਡੀ ਦੇਖਭਾਲ ਦਾ ਸਮਰਥਨ ਜਾਰੀ ਰਹੇਗਾ ਜਦੋਂ ਤੁਹਾਡਾ ਮੌਖਿਕ ਸਿਹਤ ਪੇਸ਼ੇਵਰ ਦੇਖਭਾਲ ਪ੍ਰਦਾਨ ਕਰਨ ਤੋਂ ਅਸਮਰੱਥ ਹੁੰਦਾ ਹੈ। |

*ਇਹਨਾਂ ਮਿਆਰਾਂ ਨੂੰ ਕਿਵੇਂ ਪੂਰਾ ਕਰਨਾ ਹੈ ਇਸ ਬਾਰੇ ਜਾਣਕਾਰੀ ਲਈ ਪੰਨਾ 16 ਦੇਖੋ>>*

# ਸਿਧਾਂਤ 2: ਸੁਰੱਖਿਅਤ ਅਤੇ ਯੋਗ ਦੇਖਭਾਲ ਪ੍ਰਦਾਨ ਕਰੋ

| ਪੇਸ਼ੇਵਰ ਮਿਆਰ | ਮਰੀਜ਼ ਲਈ ਨਤੀਜੇ |
|---|---|
| **ਮੌਖਿਕ ਸਿਹਤ ਟੀਮ ਦੇ ਹਿੱਸੇ ਵਜੋਂ, ਸੁਰੱਖਿਅਤ ਅਤੇ ਯੋਗ ਦੇਖਭਾਲ ਪ੍ਰਦਾਨ ਕਰਨ ਲਈ ਤੁਹਾਨੂੰ ਹੇਠਾਂ ਦਿੱਤੇ ਪੇਸ਼ੇਵਰ ਮਿਆਰਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ:** | **ਮਰੀਜ਼ ਜਾਂ ਜਨਤਾ ਦੇ ਮੈਂਬਰ ਵਜੋਂ, ਮੌਖਿਕ ਸਿਹਤ ਦੇਖਭਾਲ ਪ੍ਰਾਪਤ ਕਰਨ ਸਮੇਂ ਤੁਸੀਂ ਹੇਠਾਂ ਦਿੱਤੀਆਂ ਚੀਜ਼ਾਂ ਦੀ ਉਮੀਦ ਕਰ ਸਕਦੇ ਹੋ:** |
| 2.1 ਤੁਹਾਨੂੰ ਲਾਜ਼ਮੀ ਤੌਰ 'ਤੇ ਉਨ੍ਹਾਂ ਸਾਰੀਆਂ ਕਨੂੰਨੀ ਸ਼ਰਤਾਂ ਬਾਰੇ ਪਤਾ ਹੋਣਾ ਅਤੇ ਉਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਜੋ ਮੌਖਿਕ ਸਿਹਤ ਸੰਭਾਲ ਦੀ ਵਿਵਸਥਾ ਨੂੰ ਪ੍ਰਭਾਵਿਤ ਕਰਦੀਆਂ ਹਨ। | ਸੁਰੱਖਿਅਤ ਮੌਖਿਕ ਸਿਹਤ ਸੰਭਾਲ ਪ੍ਰਾਪਤ ਕਰਨੀ ਜੋ ਵਰਤਮਾਨ ਸਮੇਂ ਦੀਆਂ ਕਨੂੰਨੀ ਲੋੜਾਂ ਨਾਲ ਮੇਲ ਖਾਂਦੀ ਹੈ। |
| 2.2 ਤੁਹਾਡੇ ਲਈ ਲਾਜ਼ਮੀ ਹੈ ਕਿ ਤੁਸੀਂ ਉਹੀ ਸੰਭਾਲ ਪ੍ਰਦਾਨ ਕਰੋ ਜੋ ਤੁਹਾਡੇ ਅਭਿਆਸ, ਗਿਆਨ, ਹੁਨਰਾਂ ਅਤੇ ਯੋਗਤਾਵਾਂ ਦੇ ਦਾਇਰੇ ਵਿੱਚ ਆਉਂਦੀ ਹੈ। | ਯੋਗਤਾ ਪ੍ਰਾਪਤ ਪੇਸ਼ੇਵਰਾਂ ਤੋਂ ਦੇਖਭਾਲ ਪ੍ਰਾਪਤ ਕਰਨੀ। |
| 2.3 ਤੁਹਾਨੂੰ ਲਾਜ਼ਮੀ ਤੌਰ 'ਤੇ ਅਜਿਹੀ ਸੰਭਾਲ ਪ੍ਰਦਾਨ ਕਰਨੀ ਚਾਹੀਦੀ ਹੈ ਜੋ ਤੁਹਾਡੇ ਮਰੀਜ਼ ਦੀਆਂ ਲੋੜਾਂ ਵਾਸਤੇ ਉਚਿਤ ਅਤੇ ਡਾਕਟਰੀ ਤੌਰ 'ਤੇ ਸਵੀਕਾਰਯੋਗ ਹੋਵੇ ਅਤੇ ਟਾਲਣਯੋਗ ਨੁਕਸਾਨ ਨੂੰ ਰੋਕਦੀ ਹੋਵੇ। | ਕੇਵਲ ਉਹੀ ਸੰਭਾਲ ਪ੍ਰਾਪਤ ਕਰਨੀ ਜੋ ਲੋੜੀਂਦੀ ਹੋਵੇ ਅਤੇ ਤੁਹਾਡੇ ਹਿਤ ਵਿੱਚ ਸਭ ਤੋਂ ਵਧੀਆ ਹੋਵੇ। |
| 2.4 ਤੁਹਾਨੂੰ ਲਾਜ਼ਮੀ ਤੌਰ 'ਤੇ ਮਰੀਜ਼ ਦੇ ਪੂਰੇ ਰਿਕਾਰਡ ਮੁਕੰਮਲ ਕਰਨੇ ਅਤੇ ਸੁਰੱਖਿਅਤ ਰੱਖਣੇ ਚਾਹੀਦੇ ਹਨ। | ਕਿ ਤੁਹਾਡੀ ਸਿਹਤ ਸੰਭਾਲ ਜਾਣਕਾਰੀ ਸਹੀ ਤਰੀਕੇ ਨਾਲ ਰਿਕਾਰਡ ਕੀਤੀ ਜਾਂਦੀ ਹੈ ਅਤੇ ਸੁਰੱਖਿਅਤ ਬਣਾਈ ਰੱਖੀ ਜਾਂਦੀ ਹੈ। |
| 2.5 ਤੁਹਾਨੂੰ ਲਾਜ਼ਮੀ ਸੁਰੱਖਿਅਤ ਅਤੇ ਸਵੱਛ ਵਾਤਾਵਰਨ ਵਿੱਚ ਅਭਿਆਸ ਕਰਨਾ ਚਾਹੀਦਾ ਹੈ। | ਸੁਰੱਖਿਅਤ ਅਤੇ ਸਾਫ਼ ਅਭਿਆਸ ਵਾਤਾਵਰਨ ਵਿੱਚ ਇਲਾਜ ਕੀਤਾ ਜਾਣਾ। |
| 2.6 ਤੁਹਾਨੂੰ ਲਾਜ਼ਮੀ ਤੌਰ 'ਤੇ ਮਰੀਜ਼ ਦੀ ਸੁਰੱਖਿਆ ਅਤੇ ਪ੍ਰਦਾਨ ਕੀਤੀ ਗਈ ਦੇਖਭਾਲ ਲਈ ਜਵਾਬਦੇਹ ਹੋਣਾ ਚਾਹੀਦਾ ਹੈ। | ਕਿ ਤੁਹਾਡਾ ਮੌਖਿਕ ਸਿਹਤ ਪੇਸ਼ੇਵਰ ਤੁਹਾਡੀ ਦੇਖਭਾਲ ਵਾਸਤੇ ਨਿੱਜੀ ਤੌਰ 'ਤੇ ਜਵਾਬਦੇਹ ਹੈ। |
| 2.7 ਤੁਹਾਡੇ ਲਈ ਵਰਤਮਾਨ ਸਮੇਂ ਅਨੁਸਾਰ ਗਿਆਨ, ਹੁਨਰ ਅਤੇ ਯੋਗਤਾਵਾਂ ਬਣਾਈ ਰੱਖਣਾ ਲਾਜ਼ਮੀ ਹੈ। | ਕਿ ਤੁਹਾਡਾ ਮੌਖਿਕ ਸਿਹਤ ਪੇਸ਼ੇਵਰ ਗਿਆਨ ਅਤੇ ਹੁਨਰਾਂ ਨਾਲ ਸਮੇਂ ਦਾ ਹਾਣੀ ਹੈ। |
| 2.8 ਤੁਹਾਨੂੰ ਖ਼ੁਦ ਆਪਣੀ ਸਿਹਤ ਜਾਂ ਤੰਦਰੁਸਤੀ ਲਈ ਜਵਾਬਦੇਹ ਹੋਣਾ ਲਾਜ਼ਮੀ ਹੈ। | ਅਜਿਹੇ ਮੌਖਿਕ ਸਿਹਤ ਪੇਸ਼ੇਵਰ ਤੋਂ ਦੇਖਭਾਲ ਪ੍ਰਾਪਤ ਕਰਨਾ ਜੋ ਸਰੀਰਕ, ਮਨੋਵਿਗਿਆਨਕ ਅਤੇ ਭਾਵਨਾਤਮਕ ਤੌਰ 'ਤੇ ਸੁਰੱਖਿਅਤ ਢੰਗ ਨਾਲ ਅਭਿਆਸ ਕਰਨ ਦੇ ਯੋਗ ਹੋਵੇ। |

*ਇਹਨਾਂ ਮਿਆਰਾਂ ਨੂੰ ਕਿਵੇਂ ਪੂਰਾ ਕਰਨਾ ਹੈ ਇਸ ਬਾਰੇ ਜਾਣਕਾਰੀ ਲਈ ਪੰਨਾ 19 ਦੇਖੋ>>*

# ਸਿਧਾਂਤ 3: ਸੱਭਿਆਚਾਰਕ ਤੌਰ 'ਤੇ ਜਾਗਰੂਕ, ਨਿਆਸੰਗਤ ਅਤੇ ਸਮਾਵੇਸ਼ੀ ਬਣੋ

| ਪੇਸ਼ੇਵਰ ਮਿਆਰ | ਮਰੀਜ਼ ਲਈ ਨਤੀਜੇ |
|---|---|
| **ਮੌਖਿਕ ਸਿਹਤ ਟੀਮ ਦੇ ਹਿੱਸੇ ਵਜੋਂ, ਤੁਹਾਨੂੰ ਸੱਭਿਅਚਾਰਕ ਤੌਰ 'ਤੇ ਜਾਗਰੂਕ, ਨਿਆਸੰਗਤ ਅਤੇ ਸਮਾਵੇਸ਼ੀ ਹੋਣ ਲਈ ਹੇਠਾਂ ਦਿੱਤੇ ਪੇਸ਼ੇਵਰ ਮਿਆਰਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ:** | **ਮਰੀਜ਼ ਜਾਂ ਜਨਤਾ ਦੇ ਮੈਂਬਰ ਵਜੋਂ, ਮੌਖਿਕ ਸਿਹਤ ਦੇਖਭਾਲ ਪ੍ਰਾਪਤ ਕਰਨ ਸਮੇਂ ਤੁਸੀਂ ਹੇਠਾਂ ਦਿੱਤੀਆਂ ਚੀਜ਼ਾਂ ਦੀ ਉਮੀਦ ਕਰ ਸਕਦੇ ਹੋ:** |
| 3.1 ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਮਰੀਜ਼ ਨਾਲ ਨਿਰਪੱਖ ਅਤੇ ਬਿਨਾ ਕਿਸੇ ਭੇਦਭਾਵ ਦੇ ਵਿਹਾਰ ਕਰਨਾ ਚਾਹੀਦਾ ਹੈ। | ਨਿਰਪੱਖ ਵਿਹਾਰ ਕੀਤਾ ਜਾਣਾ ਅਤੇ ਬਿਨਾਂ ਕਿਸੇ ਭੇਦਭਾਵ ਦੇ ਦੇਖਭਾਲ ਪ੍ਰਾਪਤ ਕਰਨਾ। |
| 3.2 ਤੁਹਾਨੂੰ ਲਾਜ਼ਮੀ ਤੌਰ 'ਤੇ ਸੱਭਿਆਚਾਰਕ ਤੌਰ 'ਤੇ ਜਵਾਬਦੇਹ ਢੰਗ ਨਾਲ ਅਭਿਆਸ ਕਰਨਾ ਚਾਹੀਦਾ ਹੈ ਜੋ ਤੁਹਾਡੇ ਮਰੀਜ਼ ਦੀ ਪਛਾਣ, ਕਦਰਾਂ-ਕੀਮਤਾਂ ਅਤੇ ਵਿਸ਼ਵਾਸ਼ਾਂ ਦੀ ਕਦਰ ਕਰਦਾ ਹੋਵੇ। | ਕਿ ਤੁਹਾਡੀ ਦੇਖਭਾਲ ਯੋਜਨਾ ਵਿੱਚ ਤੁਹਾਡੀਆਂ ਕਦਰਾਂ-ਕੀਮਤਾਂ ਅਤੇ ਵਿਸ਼ਵਾਸ਼ਾਂ ਦਾ ਆਦਰ ਕੀਤਾ ਜਾਂਦਾ ਅਤੇ ਵਿਚਾਰਿਆ ਜਾਂਦਾ ਹੈ। |
| 3.3 ਤੁਹਾਨੂੰ ਲਾਜ਼ਮੀ ਤੌਰ 'ਤੇ ਭੇਦਭਾਵ ਅਤੇ ਨਸਲਵਾਦ ਨੂੰ ਪਛਾਣ ਕਰਨੀ, ਉਸ ਨਾਲ ਨਜਿੱਠਣ ਅਤੇ ਰੋਕਣ ਲਈ ਕਦਮ ਚੁੱਕਣੇ ਚਾਹੀਦੇ ਹਨ। | ਕਿ ਤੁਹਾਡੀ ਮੌਖਿਕ ਸਿਹਤ ਟੀਮ ਨਸਲਵਾਦ ਅਤੇ ਭੇਦਭਾਵ ਦਾ ਹੱਲ ਕਰੇਗੀ। |
| 3.4 ਤੁਹਾਨੂੰ ਮੂਲ ਨਿਵਾਸੀ ਲੋਕਾਂ ਲਈ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਸੰਭਾਲ ਪ੍ਰਦਾਨ ਕਰਨੀ ਲਾਜ਼ਮੀ ਹੈ। | ਕਿ ਤੁਹਾਡੀ ਮੌਖਿਕ ਸਿਹਤ ਟੀਮ ਮੂਲ ਨਿਵਾਸੀ ਲੋਕਾਂ ਦੇ ਵੱਖਰੇ ਅਧਿਕਾਰਾਂ ਦਾ ਸਤਿਕਾਰ ਕਰਦੀ ਹੈ, ਅਤੇ ਉਨ੍ਹਾਂ ਲਈ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਦੇਖਭਾਲ ਪ੍ਰਦਾਨ ਕਰਦੀ ਹੈ। |

*ਇਹਨਾਂ ਮਿਆਰਾਂ ਨੂੰ ਕਿਵੇਂ ਪੂਰਾ ਕਰਨਾ ਹੈ ਇਸ ਬਾਰੇ ਜਾਣਕਾਰੀ ਲਈ ਪੰਨਾ 23 ਦੇਖੋ>>*

# ਸਿਧਾਂਤ 4: ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ (ਗੱਲਬਾਤ) ਕਰੋ ਅਤੇ ਜਾਣਕਾਰੀ ਦੇ ਕੇ ਸਹਿਮਤੀ ਪ੍ਰਾਪਤ ਕਰੋ

| ਪੇਸ਼ੇਵਰ ਮਿਆਰ | ਮਰੀਜ਼ ਲਈ ਨਤੀਜੇ |
|---|---|
| **ਮੌਖਿਕ ਸਿਹਤ ਟੀਮ ਦੇ ਹਿੱਸੇ ਵਜੋਂ, ਤੁਹਾਨੂੰ ਪ੍ਰਭਾਵਸ਼ਾਲੀ ਢੰਗ ਨਾਲ ਗੱਲਬਾਤ ਕਰਨ ਅਤੇ ਜਾਣਕਾਰੀ ਦੇ ਕੇ ਸਹਿਮਤੀ ਪ੍ਰਾਪਤ ਕਰਨ ਲਈ ਹੇਠਾਂ ਦਿੱਤੇ ਪੇਸ਼ੇਵਰ ਮਿਆਰਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ:** | **ਮਰੀਜ਼ ਜਾਂ ਜਨਤਾ ਦੇ ਮੈਂਬਰ ਵਜੋਂ, ਮੌਖਿਕ ਸਿਹਤ ਦੇਖਭਾਲ ਪ੍ਰਾਪਤ ਕਰਨ ਸਮੇਂ ਤੁਸੀਂ ਹੇਠਾਂ ਦਿੱਤੀਆਂ ਚੀਜ਼ਾਂ ਦੀ ਉਮੀਦ ਕਰ ਸਕਦੇ ਹੋ:** |
| 4.1 ਤੁਹਾਨੂੰ ਆਪਣੇ ਮਰੀਜ਼ ਨਾਲ ਸਪੱਸ਼ਟ ਅਤੇ ਪ੍ਰਭਾਵਸ਼ਾਲੀ ਗੱਲਬਾਤ ਕਰਨੀ ਲਾਜ਼ਮੀ ਹੈ। | ਕਿ ਤੁਹਾਡੀਆਂ ਲੋੜਾਂ ਨੂੰ ਸਪੱਸ਼ਟ ਤੌਰ 'ਤੇ ਸਮਝਣ ਲਈ ਤੁਹਾਡੇ ਅਤੇ ਤੁਹਾਡੀ ਮੌਖਿਕ ਸਿਹਤ ਟੀਮ ਵਿਚਕਾਰ ਖੁੱਲੀ ਚਰਚਾ ਹੋਣੀ ਚਾਹੀਦੀ ਹੈ। |
| 4.2 ਦੇਖਭਾਲ ਪ੍ਰਦਾਨ ਕਰਨ ਤੋਂ ਪਹਿਲਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਜਾਣਕਾਰੀ ਦੇ ਕੇ ਸਹਿਮਤੀ ਲੈਣੀ ਚਾਹੀਦੀ ਹੈ। | ਕਿ ਦੰਦਾਂ ਦੀ ਸੰਭਾਲ ਜਾਂ ਇਲਾਜ ਪ੍ਰਦਾਨ ਕੀਤੇ ਜਾਣ ਤੋਂ ਪਹਿਲਾਂ ਤੁਹਾਡੀ ਸਹਿਮਤੀ ਲਈ ਜਾਵੇਗੀ। |
| 4.3 ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਮਰੀਜ਼ ਦੀ ਖ਼ੁਦਮੁਖ਼ਤਿਆਰੀ ਦਾ ਆਦਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਦੇਖਭਾਲ ਬਾਰੇ ਜਾਣਕਾਰੀ ਦੇ ਕੇ ਫ਼ੈਸਲੇ ਲੈਣ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ। | ਆਪਣੀ ਖ਼ੁਦ ਦੀ ਦੇਖਭਾਲ ਬਾਰੇ ਜਾਣਕਾਰ ਫ਼ੈਸਲੇ ਲੈਣਾ। |
| 4.4 ਜਦੋਂ ਦੇਖਭਾਲ ਯੋਜਨਾ ਅਨੁਸਾਰ ਨਹੀਂ ਚੱਲਦੀ ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਤੁਰੰਤ ਆਪਣੇ ਮਰੀਜ਼ ਨੂੰ ਸੂਚਿਤ ਕਰਨਾ ਚਾਹੀਦਾ ਹੈ। | ਜੇ ਤੁਹਾਡੀ ਦੇਖਭਾਲ ਯੋਜਨਾ ਅਨੁਸਾਰ ਨਹੀਂ ਹੋਈ ਅਤੇ ਕਿਸੇ ਵੀ ਨਕਾਰਾਤਮਕ ਨਤੀਜਿਆਂ ਬਾਰੇ ਤੁਹਾਨੂੰ ਸੂਚਿਤ ਕਰਨਾ। |

*ਇਹਨਾਂ ਮਿਆਰਾਂ ਨੂੰ ਕਿਵੇਂ ਪੂਰਾ ਕਰਨਾ ਹੈ ਇਸ ਬਾਰੇ ਜਾਣਕਾਰੀ ਲਈ ਪੰਨਾ 24 ਦੇਖੋ>>*

# ਸਿਧਾਂਤ 5: ਮਰੀਜ਼ ਦੇ ਹਿਤ ਵਿੱਚ ਸਹਿਯੋਗ ਕਰੋ

| ਪੇਸ਼ੇਵਰ ਮਿਆਰ | ਮਰੀਜ਼ ਲਈ ਨਤੀਜੇ |
|---|---|
| **ਮੌਖਿਕ ਸਿਹਤ ਟੀਮ ਦੇ ਹਿੱਸੇ ਵਜੋਂ, ਤੁਹਾਨੂੰ ਮਰੀਜ਼ ਦੇ ਹਿਤ ਵਿੱਚ ਸਹਿਯੋਗ ਕਰਨ ਲਈ ਹੇਠਾਂ ਦਿੱਤੇ ਪੇਸ਼ੇਵਰ ਮਿਆਰਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ:** | **ਮਰੀਜ਼ ਜਾਂ ਜਨਤਾ ਦੇ ਮੈਂਬਰ ਵਜੋਂ, ਮੌਖਿਕ ਸਿਹਤ ਦੇਖਭਾਲ ਪ੍ਰਾਪਤ ਕਰਨ ਸਮੇਂ ਤੁਸੀਂ ਹੇਠਾਂ ਦਿੱਤੀਆਂ ਚੀਜ਼ਾਂ ਦੀ ਉਮੀਦ ਕਰ ਸਕਦੇ ਹੋ:** |
| 5.1 ਤੁਹਾਨੂੰ ਲਾਜ਼ਮੀ ਤੌਰ 'ਤੇ ਮੌਖਿਕ ਸਿਹਤ ਟੀਮ ਦੇ ਸਾਰੇ ਮੈਂਬਰਾਂ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ। | ਕਿ ਤੁਹਾਡੀ ਮੌਖਿਕ ਸਿਹਤ ਟੀਮ ਤੁਹਾਡੀ ਦੇਖਭਾਲ ਦਾ ਸਮਰਥਨ ਕਰਨ ਲਈ ਮਿਲ ਕੇ ਕੰਮ ਕਰ ਰਹੀ ਹੈ। |
| 5.2 ਤੁਹਾਨੂੰ ਲਾਜ਼ਮੀ ਤੌਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨਾ ਚਾਹੀਦਾ ਹੈ ਅਤੇ ਮੌਖਿਕ ਸਿਹਤ ਟੀਮ ਦੇ ਮੈਂਬਰਾਂ ਵਿਚਕਾਰ ਖੁੱਲ੍ਹੀ ਗੱਲਬਾਤ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। | ਕਿ ਤੁਹਾਡੀ ਮੌਖਿਕ ਸਿਹਤ ਟੀਮ ਤੁਹਾਡੀ ਦੇਖਭਾਲ ਦਾ ਸਮਰਥਨ ਕਰਨ ਲਈ ਕੁਸ਼ਲਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਗੱਲਬਾਤ ਕਰ ਰਹੀ ਹੈ। |
| 5.3 ਤੁਹਾਨੂੰ ਲਾਜ਼ਮੀ ਤੌਰ 'ਤੇ ਮੌਖਿਕ ਸਿਹਤ ਟੀਮ ਦੇ ਸਾਰੇ ਮੈਂਬਰਾਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣਾ ਚਾਹੀਦਾ ਹੈ ਅਤੇ ਅਭਿਆਸ ਦੇ ਪਹਿਲੂਆਂ ਦਾ ਹਵਾਲਾ ਦੇਣਾ, ਉਨ੍ਹਾਂ ਨੂੰ ਸਵੀਕਾਰ ਕਰਨਾ, ਅਧਿਕਾਰਤ ਕਰਨਾ ਜਾਂ ਸੌਂਪਣਾ ਚਾਹੀਦਾ ਹੈ। | ਕਿ ਤੁਹਾਡਾ ਇਲਾਜ ਕੇਵਲ ਯੋਗ ਪੇਸ਼ੇਵਰਾਂ ਦੁਆਰਾ ਕੀਤਾ ਜਾਵੇਗਾ। |
| 5.4 ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਮਰੀਜ਼ ਦੀ ਦੇਖਭਾਲ ਦਾ ਸਮਰਥਨ ਕਰਨ ਲਈ ਮੌਖਿਕ ਸਿਹਤ ਟੀਮ ਤੋਂ ਬਾਹਰ ਹੋਰ ਸਿਹਤ ਪੇਸ਼ੇਵਰਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਸਹਿਯੋਗ ਕਰਨਾ ਚਾਹੀਦਾ ਹੈ। | ਕਿ ਤੁਹਾਡੀ ਮੌਖਿਕ ਸਿਹਤ ਟੀਮ ਤੁਹਾਡੀ ਦੇਖਭਾਲ ਦਾ ਸਮਰਥਨ ਕਰਨ ਲਈ ਹੋਰ ਸਿਹਤ ਪੇਸ਼ੇਵਰਾਂ ਨਾਲ ਸਹਿਯੋਗ ਕਰੇਗੀ। |

*ਇਹਨਾਂ ਮਿਆਰਾਂ ਨੂੰ ਕਿਵੇਂ ਪੂਰਾ ਕਰਨਾ ਹੈ ਇਸ ਬਾਰੇ ਜਾਣਕਾਰੀ ਲਈ ਪੰਨਾ 26 ਦੇਖੋ>>*

# ਸਿਧਾਂਤ 6: ਜਨਤਕ ਵਿਸ਼ਵਾਸ਼ ਕਾਇਮ ਕਰਨਾ ਅਤੇ ਬਣਾਈ ਰੱਖਣਾ

| ਪੇਸ਼ੇਵਰ ਮਿਆਰ | ਮਰੀਜ਼ ਲਈ ਨਤੀਜੇ |
|---|---|
| **ਮੌਖਿਕ ਸਿਹਤ ਟੀਮ ਦੇ ਹਿੱਸੇ ਵਜੋਂ, ਤੁਹਾਨੂੰ ਜਨਤਕ ਵਿਸ਼ਵਾਸ਼ ਕਾਇਮ ਕਰਨ ਅਤੇ ਬਣਾਈ ਰੱਖਣ ਲਈ ਹੇਠਾਂ ਦਿੱਤੇ ਪੇਸ਼ੇਵਰ ਮਿਆਰਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ:** | **ਮਰੀਜ਼ ਜਾਂ ਜਨਤਾ ਦੇ ਮੈਂਬਰ ਵਜੋਂ, ਮੌਖਿਕ ਸਿਹਤ ਦੇਖਭਾਲ ਪ੍ਰਾਪਤ ਕਰਨ ਸਮੇਂ ਤੁਸੀਂ ਹੇਠਾਂ ਦਿੱਤੀਆਂ ਚੀਜ਼ਾਂ ਦੀ ਉਮੀਦ ਕਰ ਸਕਦੇ ਹੋ:** |
| 6.1 ਤੁਹਾਨੂੰ ਲਾਜ਼ਮੀ ਇਮਾਨਦਾਰ ਅਤੇ ਭਰੋਸੇਮੰਦ ਹੋਣਾ ਚਾਹੀਦਾ ਹੈ। | ਕਿ ਤੁਹਾਡਾ ਮੌਖਿਕ ਸਿਹਤ ਪੇਸ਼ੇਵਰ ਇਮਾਨਦਾਰ ਅਤੇ ਭਰੋਸੇਮੰਦ ਹੈ। |
| 6.2 ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਡੀ ਮੌਖਿਕ ਸਿਹਤ ਟੀਮ ਦੀ ਮਾਰਕੀਟਿੰਗ (ਮੰਡੀਕਰਨ)ਅਤੇ ਇਸ਼ਤਿਹਾਰ ਸਹੀ ਹਨ ਅਤੇ ਜਨਤਾ ਨੂੰ ਗੁੰਮਰਾਹ ਨਹੀਂ ਕਰਦੇ। | ਝੂਠੀ ਇਸ਼ਤਿਹਾਰਬਾਜ਼ੀ ਰਾਹੀਂ ਗਮੁੰਰਾਹ ਨਾ ਕਰਨਾ। |
| 6.3 ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਮਰੀਜ਼ ਨਾਲ ਪੇਸ਼ੇਵਰ ਤੇ ਨਿੱਜੀ ਸੀਮਾਵਾਂ ਬਣਾ ਕੇ ਰੱਖਣੀਆਂ ਚਾਹੀਦੀਆਂ ਹਨ। | ਦੇਖਭਾਲ ਪ੍ਰਾਪਤ ਕਰਨ ਅਤੇ ਆਪਣੇ ਮੌਖਿਕ ਸਿਹਤ ਪੇਸ਼ੇਵਰਾਂ ਵੱਲੋਂ ਉਚਿਤ ਸੀਮਾਵਾਂ ਬਣਾਈ ਰੱਖਣ ਵਿੱਚ ਆਰਾਮਦਾਇਕ ਮਹਿਸੂਸ ਕਰਨਾ। |
| 6.4 ਤੁਹਾਨੂੰ ਲਾਜ਼ਮੀ ਕਿਸੇ ਮੌਜੂਦਾ ਮਰੀਜ਼ ਨਾਲ ਜਿਨਸੀ (ਕਾਮੁਕ) ਸੰਬੰਧ ਨਹੀਂ ਬਣਾਉਣਾ ਚਾਹੀਦਾ। | ਕਿ ਆਪਣੇ ਮੌਖਿਕ ਸਿਹਤ ਪੇਸ਼ੇਵਰ ਨਾਲ ਜਿਨਸੀ ਸੰਬੰਧ ਸ਼ੁਰੂ ਨਹੀਂ ਕੀਤਾ ਜਾਵੇਗਾ ਜਦੋਂ ਤੁਸੀਂ ਉਨ੍ਹਾਂ ਦੇ ਮਰੀਜ਼ ਹੁੰਦੇ ਹੋ। |
| 6.5 ਤੁਹਾਨੂੰ ਲਾਜ਼ਮੀ ਤੌਰ 'ਤੇ ਕਿਸੇ ਵੀ ਕਿਸਮ ਦਾ ਜਿਨਸੀ ਦੁਰਾਚਾਰ ਜਾਂ ਜਿਨਸੀ ਦੁਰਵਿਹਾਰ ਨਹੀਂ ਕਰਨਾ ਚਾਹੀਦਾ। | ਕਿਸੇ ਵੀ ਕਿਸਮ ਦਾ ਜਿਨਸੀ ਦੁਰਾਚਾਰ ਜਾਂ ਜਿਨਸੀ ਦੁਰਵਿਹਾਰ ਨਹੀਂ ਕੀਤਾ ਜਾਂਦਾ। |
| 6.6 ਜੇ ਮਰੀਜ਼ਾਂ ਨੂੰ ਨੁਕਸਾਨ ਹੋਣ ਦਾ ਖ਼ਤਰਾ ਹੈ ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਉਨ੍ਹਾਂ ਸਰੋਕਾਰਾਂ ਨੂੰ ਹੱਲ ਕਰਨਾ ਚਾਹੀਦਾ ਹੈ। | ਕਿ ਤੁਹਾਡੇ ਮੌਖਿਕ ਸਿਹਤ ਪੇਸ਼ੇਵਰ ਤੁਹਾਡੀ ਸੁਰੱਖਿਆ ਦੀ ਵਕਾਲਤ ਕਰਨਗੇ ਅਤੇ ਜੇ ਤੁਹਾਨੂੰ ਖ਼ਤਰਾ ਹੋਵੇ ਤਾਂ ਸਰੋਕਾਰ ਉਠਾਉਣਗੇ। |
| 6.7 ਤੁਹਾਨੂੰ ਇੱਕ ਨਿਯੰਤ੍ਰਿਤ ਸਿਹਤ ਪੇਸ਼ੇਵਰ ਹੋਣ ਦੇ ਨਾਤੇ ਆਪਣੀਆਂ ਜ਼ਿੰਮੇਵਾਰੀਆਂ ਬਾਰੇ ਲਾਜ਼ਮੀ ਪਤਾ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ। | ਕਿ ਤੁਹਾਡੀ ਮੌਖਿਕ ਸਿਹਤ ਟੀਮ ਆਪਣੀਆਂ ਪੇਸ਼ੇਵਰ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੀ ਹੈ। |

*ਇਹਨਾਂ ਮਿਆਰਾਂ ਨੂੰ ਕਿਵੇਂ ਪੂਰਾ ਕਰਨਾ ਹੈ ਇਸ ਬਾਰੇ ਜਾਣਕਾਰੀ ਲਈ ਪੰਨਾ 28 ਦੇਖੋ>*

# ਮਿਆਰਾਂ ਦੀ ਪਾਲਣਾ ਕਿਵੇਂ ਕਰਨੀ ਹੈ

ਹੇਠਾਂ ਦਿੱਤੇ ਪੰਨੇ ਪੇਸ਼ੇਵਰ ਮਿਆਰਾਂ ਦੀ ਪਾਲਣਾ ਕਰਨ ਵਿੱਚ ਮੌਖਿਕ ਸਿਹਤ ਟੀਮ ਦੀ ਸਹਾਇਤਾ ਕਰਨ ਲਈ ਜਾਣਕਾਰੀ ਪ੍ਰਦਾਨ ਕਰਦੇ ਹਨ।

# ਸਿਧਾਂਤ 1: ਮਰੀਜ਼ ਦੇ ਹਿਤਾਂ ਨੂੰ ਪਹਿਲ ਦਿਓ

## 1.1 ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਡੇ ਮਰੀਜ਼ ਦੀਆਂ ਲੋੜਾਂ ਅਤੇ ਭਲਾਈ ਤੁਹਾਡੇ ਮੁੱਢਲੇ ਸਰੋਕਾਰ ਹਨ।

### ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

1.1.1 ਤੁਸੀਂ ਆਪਣੇ ਮਰੀਜ਼ ਦੇ ਸਰਵੋਤਮ ਹਿਤਾਂ ਨੂੰ ਹੋਰ ਸੋਚ-ਵਿਚਾਰਾਂ ਤੋਂ ਪਹਿਲਾਂ ਰੱਖਦੇ ਹੋ।

1.1.2 ਜਦੋਂ ਤੁਸੀਂ ਆਪਣੇ ਮਰੀਜ਼ ਦੇ ਇਲਾਜ ਦੀ ਤਰਜੀਹ ਨਾਲ ਸਹਿਮਤ ਨਹੀਂ ਹੁੰਦੇ, ਤੁਸੀਂ ਉਨ੍ਹਾਂ ਨੂੰ ਆਪਣੇ ਸਰਕਾਰਾਂ ਬਾਰੇ ਸੂਚਿਤ ਕਰਦੇ ਹੋ ਅਤੇ ਜਿੱਥੇ ਵਾਜਬ ਹੋਵੇ ਉਨ੍ਹਾਂ ਦੀ ਦੇਖਭਾਲ ਦਾ ਸਮਰਥਨ ਕਰਨਾ ਜਾਰੀ ਰੱਖਦੇ ਹੋ।

1.1.3 ਤੁਸੀਂ ਅਜਿਹੇ ਅੰਦਰੂਨੀ ਜਾਂ ਬਾਹਰੀ ਕਾਰਕਾਂ ਦਾ ਪ੍ਰਬੰਧਨ ਕਰਦੇ ਹੋ ਜੋ ਮਰੀਜ਼ ਦੀ ਦੇਖਭਾਲ 'ਤੇ ਮਾੜਾ ਪ੍ਰਭਾਵ ਪਾਉਂਦੇ ਹੋਣ, ਉਦਾਹਰਨ ਵਜੋਂ, ਸਮਾਜਿਕ ਜਾਂ ਕਾਰੋਬਾਰੀ ਦਬਾਅ।

---

## 1.2 ਤੁਹਾਨੂੰ ਲਾਜ਼ਮੀ ਤੌਰ 'ਤੇ ਅਜਿਹੇ ਹਿਤਾਂ ਦੇ ਟਕਰਾਵਾਂ ਦੀ ਪਛਾਣ ਕਰਨੀ ਅਤੇ ਉਨ੍ਹਾਂ ਨੂੰ ਹੱਲ ਕਰਨਾ ਚਾਹੀਦਾ ਹੈ ਜੋ ਤੁਹਾਡੇ ਪੇਸ਼ੇਵਰ ਫ਼ੈਸਲੇ ਜਾਂ ਤੁਹਾਡੇ ਮਰੀਜ਼ ਦੀ ਦੇਖਭਾਲ ਨਾਲ ਸਮਝੌਤਾ ਕਰ ਸਕਦੇ ਹਨ।

### ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

1.2.1 ਤੁਸੀਂ ਕਿਸੇ ਵੀ ਅਜਿਹੇ ਹਿਤਾਂ ਨੂੰ ਪਛਾਣਦੇ ਹੋ ਜੋ ਤੁਹਾਡੇ ਮਰੀਜ਼ ਦੇ ਸਰਵੋਤਮ ਹਿਤ ਵਿੱਚ ਦੇਖਭਾਲ ਪ੍ਰਦਾਨ ਕਰਨ ਦੇ ਤੁਹਾਡੇ ਫ਼ਰਜ਼ ਦੇ ਵਿਰੁੱਧ ਹੋ ਸਕਦੇ ਹਨ ਅਤੇ ਮਰੀਜ਼ ਅਤੇ/ਜਾਂ ਇਸ ਵਿੱਚ ਸ਼ਾਮਲ ਹੋਰਨਾਂ ਨੂੰ ਇਸ ਬਾਰੇ ਸੂਚਿਤ ਕਰਦੇ ਹੋ।

1.2.2 ਤੁਸੀਂ ਹਿਤਾਂ ਦੇ ਅਜਿਹੇ ਕਿਸੇ ਵੀ ਟਕਰਾ ਜੋ ਤੁਹਾਡੇ ਮਰੀਜ਼ ਦੀ ਦੇਖਭਾਲ ਜਾਂ ਤੁਹਾਡੇ ਪੇਸ਼ੇਵਰ ਫ਼ੈਸਲੇ ਨਾਲ ਸਮਝੌਤਾ ਕਰ ਸਕਦੇ ਹਨ, ਨਾਲ ਇਸ ਤਰ੍ਹਾਂ ਕਰ ਕੇ ਨਜਿੱਠਦੇ ਹੋ:

a. ਆਪਣੇ ਮਰੀਜ਼ ਅਤੇ/ਜਾਂ ਸ਼ਾਮਲ ਹੋਰਨਾਂ ਨੂੰ ਸਮੇਂ ਸਿਰ ਹਿਤ ਦੀ ਪ੍ਰਕਿਰਤੀ ਦਾ ਖ਼ੁਲਾਸਾ ਕਰਨਾ ਅਤੇ ਇਲਾਜ ਜਾਰੀ ਰੱਖਣ ਲਈ ਜਾਣਕਾਰੀ ਦੇ ਕੇ ਸਹਿਮਤੀ ਪ੍ਰਾਪਤ ਕਰਨ ਤੋਂ ਪਹਿਲਾਂ ਕਿਸੇ ਵੀ ਪਛਾਣੇ ਗਏ ਹਿਤਾਂ ਦੇ ਟਕਰਾ ਨੂੰ ਹੱਲ ਕਰਨਾ, ਜਾਂ

b. ਹਿੱਤਾਂ ਦੇ ਕਿਸੇ ਕਥਿਤ ਜਾਂ ਅਸਲ ਟਕਰਾ ਤੋਂ ਬਚਣ ਲਈ ਆਪਣੇ ਮਰੀਜ਼ ਨਾਲ ਰਿਸ਼ਤਾ ਖ਼ਤਮ ਕਰਨਾ ਜਾਂ ਸੀਮਤ ਕਰਨਾ।

1.2.3 ਤੁਸੀਂ ਆਪਣੇ ਮਰੀਜ਼ ਦੇ ਰਿਕਾਰਡ ਵਿੱਚ ਕਿਸੇ ਵੀ ਪਛਾਣੇ ਗਏ ਟਕਰਾ ਅਤੇ ਉਨ੍ਹਾਂ ਦੇ ਪ੍ਰਬੰਧਨ ਨੂੰ ਦਰਜ ਕਰਦੇ ਹੋ।

**1.2.4** ਤੁਸੀਂ ਤੋਹਫ਼ਿਆਂ,ਵਾਧੂ ਭੁਗਤਾਨ ਜਾਂ ਪ੍ਰਾਹੁਣਾਚਾਰੀ ਤੋਂ ਇਨਕਾਰ ਕਰਦੇ ਹੋ ਜੇ ਇਨ੍ਹਾਂ ਨੂੰ ਸਵੀਕਾਰ ਕਰਨਾ ਮਰੀਜ਼ ਦੀ ਦੇਖਭਾਲ ਜਾਂ ਪੇਸ਼ੇਵਰ ਫ਼ੈਸਲੇ ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਕਰਦਾ ਹੈ ਜਾਂ ਕਰਦਾ ਹੋਇਆ ਪ੍ਰਤੀਤ ਹੁੰਦਾ ਹੈ।

## 1.3 ਪਰਿਵਾਰਕ ਮੈਂਬਰਾਂ ਅਤੇ ਉਨ੍ਹਾਂ ਲੋਕਾਂ ਦਾ ਇਲਾਜ ਕਰਦੇ ਸਮੇਂ ਤੁਹਾਨੂੰ ਲਾਜ਼ਮੀ ਤੌਰ 'ਤੇ ਹਿੱਤਾਂ ਦੇ ਟਕਰਾ ਦੀ ਪਛਾਣ ਕਰਨੀ ਚਾਹੀਦੀ ਹੈ, ਜਿਨ੍ਹਾਂ ਨਾਲ ਤੁਹਾਡਾ ਦੋਹਰਾ ਰਿਸ਼ਤਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਸੀਂ ਸੁਰੱਖਿਅਤ, ਉਦੇਸ਼ਪੂਰਨ ਦੇਖਭਾਲ ਪ੍ਰਦਾਨ ਕਰਦੇ ਹੋ।

### ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

1.3.1 ਕਿਸੇ ਅਜਿਹੇ ਮਰੀਜ਼ ਨੂੰ ਇਲਾਜ ਪ੍ਰਦਾਨ ਕਰਨ ਤੋਂ ਪਹਿਲਾਂ ਜਿਸ ਨਾਲ ਤੁਹਾਡਾ ਦੋਹਰਾ ਰਿਸ਼ਤਾ ਹੈ, ਤੁਸੀਂ ਇਹ ਸੋਚਦੇ ਹੋ ਕਿ ਤੁਹਾਡਾ ਰਿਸ਼ਤਾ ਨਿਰਪੱਖ ਜਾਂ ਬੇਲਾਗ ਦੇਖਭਾਲ ਪ੍ਰਦਾਨ ਕਰਨ ਦੀ ਤੁਹਾਡੀ ਯੋਗਤਾ ਨੂੰ ਕਿਵੇਂ ਪ੍ਰਭਾਵਿਤ ਕਰ ਸਕਦਾ ਹੈ।

1.3.2 ਤੁਸੀਂ ਆਪਣੇ ਹਿੱਤਾਂ ਦਾ ਖ਼ੁਲਾਸਾ ਕਰਦੇ ਹੋ ਅਤੇ ਉਨ੍ਹਾਂ ਮਰੀਜ਼ਾਂ, ਜਿੰਨਾਂ ਨਾਲ ਤੁਹਾਡਾ ਦੋਹਰਾ ਰਿਸ਼ਤਾ ਹੈ, ਦਾ ਇਲਾਜ ਕਰਦੇ ਸਮੇਂ ਕਿਸੇ ਪ੍ਰਤੀਤ ਹੋਣ ਵਾਲੇ ਜਾਂ ਅਸਲ ਹਿਤਾਂ ਦੇ ਟਕਰਾ ਦਾ ਪ੍ਰਬੰਧਨ ਕਰਦੇ ਹੋ।

1.3.3 ਤੁਹਾਡਾ ਰਿਸ਼ਤਾ ਤੁਹਾਡੇ ਮਰੀਜ਼ ਦੇ ਫ਼ੈਸਲੇ ਲੈਣ ਦੀ ਖ਼ੁਦਮੁਖ਼ਤਿਆਰੀ, ਜਾਂ ਉਨ੍ਹਾਂ ਦੀ ਨਿੱਜੀ ਜਾਣਕਾਰੀ ਦਾ ਖ਼ੁਲਾਸਾ ਕਰਨ, ਸੂਚਿਤ ਸਹਿਮਤੀ ਪ੍ਰਦਾਨ ਕਰਨ, ਦੂਜੀ ਰਾਏ ਲੈਣ/ਸਿਫ਼ਾਰਸ਼ ਜਾਂ ਸਰੋਕਾਰ ਉਠਾਉਣ ਦੀ ਉਨ੍ਹਾਂ ਦੀ ਯੋਗਤਾ ਨੂੰ ਪ੍ਰਭਾਵਿਤ ਨਹੀਂ ਕਰਦਾ।

1.3.4 ਜਿੱਥੇ ਸੰਭਵ ਹੋਵੇ, ਤੁਸੀਂ ਹੋਰ ਯੋਗਤਾ ਪ੍ਰਾਪਤ ਸਿਹਤ ਪੇਸ਼ੇਵਰਾਂ ਨਾਲ ਸਲਾਹ-ਮਸ਼ਵਰਾ ਕਰਦੇ ਹੋ, ਤਾਂ ਜੋ ਉਨ੍ਹਾਂ ਮਰੀਜ਼ਾਂ ਦਾ ਇਲਾਜ ਕਰਦੇ ਸਮੇਂ ਵਾਸਤਵਿਕਤਾ ਨੂੰ ਯਕੀਨੀ ਬਣਾਇਆ ਜਾ ਸਕੇ ਜਿਨ੍ਹਾਂ ਨਾਲ ਤੁਹਾਡਾ ਦੋਹਰਾ ਰਿਸ਼ਤਾ ਹੈ।

1.3.5 ਹਾਲਾਂਕਿ ਤੁਸੀਂ ਉਨ੍ਹਾਂ ਮਰੀਜ਼ਾਂ ਦਾ ਇਲਾਜ ਕਰ ਸਕਦੇ ਹੋ ਜਿਨ੍ਹਾਂ ਨਾਲ ਤੁਹਾਡਾ ਦੋਹਰਾ ਰਿਸ਼ਤਾ ਹੈ, ਤੁਸੀਂ ਲੋੜ ਪੈਣ 'ਤੇ ਹੋਰ ਪ੍ਰੈਕਟੀਸ਼ਨਰਾਂ ਕੋਲ ਸਿਫ਼ਾਰਸ਼ ਕਰਨ ਦਾ ਵਿਕਲਪ ਮੁਹੱਈਆ ਕਰਦੇ ਹੋ।

## 1.4 ਤੁਹਾਨੂੰ ਆਪਣੇ ਮਰੀਜ਼ਾਂ ਨਾਲ ਲਾਜ਼ਮੀ ਆਦਰ ਨਾਲ ਪੇਸ਼ ਆਉਣਾ ਚਾਹੀਦਾ ਹੈ।

### ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

1.4.1 ਤੁਸੀਂ ਦੇਖਭਾਲ ਲਈ ਅਜਿਹੀ ਪਹੁੰਚ ਪ੍ਰਦਾਨ ਕਰਦੇ ਹੋ ਜੋ ਤੁਹਾਡੇ ਮਰੀਜ਼ ਅਤੇ ਉਨ੍ਹਾਂ ਦੀ ਦੇਖਭਾਲ ਵਿੱਚ ਸ਼ਾਮਲ ਹੋਰਨਾਂ ਨਾਲ ਸਾਰੀਆਂ ਪਰਸਪਰ ਸੰਚਾਰ ਵਿੱਚ ਖੁੱਲ੍ਹੀ, ਈਮਾਨਦਾਰ, ਹਮਦਰਦੀ ਭਰੀ ਅਤੇ ਸਹਾਇਕ ਹੋਵੇ।

1.4.2 ਤੁਸੀਂ ਆਪਣੇ ਮਰੀਜ਼ ਦੀ ਭਲਾਈ ਲਈ ਚੇਤਨ ਸਤਿਕਾਰ ਰੱਖਦੇ ਹੋ ਅਤੇ ਚਿੰਤਾਂ, ਡਰ ਜਾਂ ਸਦਮੇ ਨੂੰ ਪਛਾਣਦੇ, ਹੱਲ ਕਰਦੇ ਅਤੇ ਉਸਦਾ ਪ੍ਰਬੰਧਨ ਕਰਦੇ ਹੋ, ਜਿੱਥੇ ਸੰਭਵ ਹੋਵੇ ਦੇਖਭਾਲ ਲਈ ਸਦਮਾ-ਸੂਚਿਤ ਪਹੁੰਚ ਅਪਣਾ ਕੇ।

1.4.3 ਤੁਸੀਂ ਆਪਣੇ ਪੇਸ਼ੇਵਰ ਸਥਿਤੀ ਦੇ ਕਾਰਨ ਆਪਣੇ ਅਤੇ ਆਪਣੇ ਮਰੀਜ਼ ਵਿਚਕਾਰ ਸ਼ਕਤੀ ਅਸੰਤੁਲਨ ਨੂੰ ਪਛਾਣਦੇ ਹੋ ਅਤੇ ਉਨ੍ਹਾਂ ਨਾਲ ਆਦਰ ਨਾਲ ਪੇਸ਼ ਆਉਂਦੇ ਹੋ।

## 1.5 ਤੁਹਾਡੇ ਲਈ ਲਾਜ਼ਮੀ ਹੈ ਕਿ ਤੁਸੀਂ ਉਹ ਸੰਭਾਲ ਪ੍ਰਦਾਨ ਕਰੋ ਜੋ ਤੁਹਾਡੇ ਮਰੀਜ਼ ਦੀ ਸਮੁੱਚੀ ਸਿਹਤ ਅਤੇ ਭਲਾਈ ਦਾ ਧਿਆਨ ਰੱਖਦੀ ਹੋਵੇ।

### ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

1.5.1 ਤੁਸੀਂ ਆਪਣੇ ਮਰੀਜ਼ ਦੀ ਵਿਅਕਤੀਗਤ ਸਿਹਤ ਸਥਿਤੀ, ਉਨ੍ਹਾਂ ਤਰਜੀਹਾਂ, ਕਦਰਾਂ-ਕੀਮਤਾਂ ਅਤੇ ਨਿੱਜੀ ਹਾਲਤਾਂ ਨੂੰ ਪਛਾਣਦੇ ਹੋ ਅਤੇ ਸਤਿਕਾਰ ਕਰਦੇ ਹੋ ਜੋ ਉਨ੍ਹਾਂ ਦੀ ਸੰਭਾਲ ਪ੍ਰਾਪਤ ਕਰਨ ਦੀ ਯੋਗਤਾ ਨੂੰ ਪ੍ਰਭਾਵਿਤ ਕਰ ਸਕਦੇ ਹਨ।

1.5.2 ਤੁਸੀਂ ਆਪਣੇ ਮਰੀਜ਼ ਦੇ ਪਿਛਲੇ ਅਨੁਭਵਾਂ ਦੇ ਟ੍ਰਿਗਰਾਂ (ਡਰ ਆਦਿ ਨੂੰ ਵਧਾਉਣ ਵਾਲੇ ਕਾਰਕ) ਅਤੇ ਪ੍ਰਭਾਵਾਂ ਨੂੰ ਪਛਾਣਦੇ ਹੋ, ਜਿਸ ਵਿੱਚ ਸਦਮੇ ਦਾ ਪਿਛੋਕੜ ਸ਼ਾਮਲ ਹੈ, ਜੋ ਦੇਖਭਾਲ ਦੀ ਵਿਵਸਥਾ ਨੂੰ ਪ੍ਰਭਾਵਿਤ ਕਰ ਸਕਦਾ ਹੈ।

1.5.3 ਤੁਹਾਡਾ ਸੁਭਾਅ ਲਚਕਦਾਰ ਹੈ ਅਤੇ ਲੋੜ ਪੈਣ 'ਤੇ ਆਪਣੇ ਮਰੀਜ਼ ਲਈ ਵਾਜਬ ਵਿਵਸਥਾ ਕਰਦੇ ਹੋ। ਉਦਾਹਰਨ ਵਜੋਂ, ਤੁਸੀਂ ਉਨ੍ਹਾਂ ਲੋਕਾਂ ਵਾਸਤੇ ਵਿਵਸਥਾ ਕਰਦੇ ਹੋ ਜਿਨ੍ਹਾਂ ਨੂੰ ਦਿੱਖ ਅਤੇ/ਜਾਂ ਅਦਿੱਖ ਅਪੰਗਤਾ ਹੋਵੇ, ਜਿਵੇਂ ਕਿ ਸੁਣਨ ਦਾ ਵਿਕਾਰ ਜਾਂ ਕੋਈ ਮਾਨਸਿਕ ਸਿਹਤ ਅਵਸਥਾ, ਕਮਜ਼ੋਰ ਅਬਾਦੀ ਅਤੇ ਜਿਨ੍ਹਾਂ ਨੇ ਸਦਮੇ ਦਾ ਅਨੁਭਵ ਕੀਤਾ ਹੋਵੇ।

## 1.6 ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਮਰੀਜ਼ ਦੀ ਨਿੱਜੀ ਅਤੇ ਸਿਹਤ ਜਾਣਕਾਰੀ ਗੁਪਤ ਰੱਖਣੀ ਚਾਹੀਦੀ ਹੈ।

ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

1.6.1 ਤੁਸੀਂ ਲਾਗੂ ਕਨੂੰਨ ਅਤੇ ਅਭਿਆਸ ਮਿਆਰਾਂ ਦੇ ਅਨੁਸਾਰ ਮਰੀਜ਼ ਦੀ ਜਾਣਕਾਰੀ ਇਕੱਤਰ ਕਰਦੇ, ਉਸ ਤੱਕ ਪਹੁੰਚ ਅਤੇ ਉਸ ਦੀ ਵਰਤੋਂ ਕਰਦੇ ਹੋ।

1.6.2 ਤੁਸੀਂ ਮਰੀਜ਼ ਦੀ ਨਿੱਜੀ ਜਾਣਕਾਰੀ ਬਾਰੇ ਲੁਕਵੇਂ ਢੰਗ ਨਾਲ ਵਿਚਾਰ-ਵਟਾਂਦਰਾ ਕਰਦੇ ਹੋ ਅਤੇ ਇਹ ਯਕੀਨੀ ਬਣਾਉਂਦੇ ਹੋ ਕਿ ਨਿੱਜੀ ਅਤੇ ਸਿਹਤ ਜਾਣਕਾਰੀ, ਜ਼ੁਬਾਨੀ ਜਾਂ ਕਿਸੇ ਹੋਰ ਮਾਧਿਅਮ ਰਾਹੀਂ, ਉਨ੍ਹਾਂ ਲੋਕਾਂ ਦੁਆਰਾ ਜੋ ਮਰੀਜ਼ ਦੀ ਸੰਭਾਲ ਵਿੱਚ ਸ਼ਾਮਲ ਨਹੀਂ ਹਨ, ਪਹੁੰਚ ਨਾ ਕੀਤੀ ਜਾਵੇ, ਚੋਰੀ ਛੁੱਪੇ ਸੁਣੀ ਜਾਵੇ ਜਾਂ ਸਾਂਝੀ ਨਾ ਕੀਤੀ ਜਾਵੇ।

1.6.3 ਤੁਸੀਂ ਲੋੜੀਂਦੀ ਅਤੇ ਮਰੀਜ਼ ਸੰਬੰਧਿਤ ਜਾਣਕਾਰੀ ਕੇਵਲ ਉਦੋਂ ਜ਼ਾਹਰ ਕਰਦੇ ਹੋ ਜਦੋਂ ਇਹ ਕਨੂੰਨ ਦੁਆਰਾ ਲੋੜੀਂਦੀ ਹੋਵੇ ਜਾਂ ਤੁਹਾਡੇ ਮਰੀਜ਼ ਦੀ ਸਹਿਮਤੀ ਹੋਵੇ।

1.6.4 ਤੁਸੀਂ ਇਹ ਯਕੀਨੀ ਬਣਾਉਂਦੇ ਹੋ ਕਿ ਮੌਖਿਕ ਸਿਹਤ ਟੀਮ ਦੇ ਸਾਰੇ ਮੈਂਬਰ ਮਰੀਜ਼ ਦੀ ਗੁਪਤਤਾ ਅਤੇ ਜਾਣਕਾਰੀ ਨੂੰ ਨਿੱਜੀ ਰੱਖਣ ਦੀ ਮਹੱਤਤਾ ਤੋਂ ਜਾਣੂ ਹਨ।

## 1.7 ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਮਰੀਜ਼ ਦੇ ਸਰੋਕਾਰ ਉਠਾਉਣ ਦੇ ਅਧਿਕਾਰ ਦਾ ਆਦਰ ਕਰਨਾ ਚਾਹੀਦਾ ਹੈ।

ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

1.7.1 ਜਦੋਂ ਤੁਹਾਡੇ ਮਰੀਜ਼ ਇਲਾਜ ਤੋਂ ਨਾਖੁਸ਼ ਹੁੰਦੇ ਹਨ ਤਾ ਤੁਸੀਂ ਉਨ੍ਹਾਂ ਦੀ ਗੱਲ ਧਿਆਨ ਨਾਲ ਸੁਣਦੇ ਹੋ ਅਤੇ ਉਨ੍ਹਾਂ ਦੇ ਸਰੋਕਾਰਾਂ ਦਾ ਹੱਲ ਕਰਦੇ ਹੋ।

1.7.2 ਤੁਸੀਂ ਆਪਣੇ ਮਰੀਜ਼ ਦੇ BCCOHP ਕੋਲ ਸ਼ਕਾਇਤ ਕਰਨ ਦੇ ਅਧਿਕਾਰ ਦਾ ਸਤਿਕਾਰ ਕਰਦੇ ਹੋ ਅਤੇ ਉਨ੍ਹਾਂ ਨੂੰ BCCOHP ਕੋਲ ਸ਼ਕਾਇਤ ਕਰਨ ਜਾਂ ਸੰਪਰਕ ਕਰਨ ਵਿਰੁੱਧ ਸਲਾਹ ਨਹੀਂ ਦਿੰਦੇ ਜਾਂ ਰੋਕਦੇ ਨਹੀਂ।

1.7.3 ਜੇ ਤੁਹਾਡਾ ਮਰੀਜ਼ ਕੋਈ ਸ਼ਕਾਇਤ ਕਰਦਾ ਹੈ ਜਾਂ BCCOHP ਦੀਆਂ ਜਾਂਚਾਂ ਵਿੱਚ ਸਹਾਇਤਾ ਕਰਦਾ ਹੈ ਤਾਂ ਤੁਸੀਂ ਉਸ ਵਿਰੁੱਧ ਉਲਟ ਕਾਰਵਾਈ ਨਹੀਂ ਕਰਦੇ।

1.7.4 ਦੇਖਭਾਲ ਦੇ ਸੰਬੰਧ ਵਿੱਚ ਤੁਹਾਨੂੰ ਫ਼ੀਡਬੈਕ ਪ੍ਰਦਾਨ ਕਰਨ ਲਈ ਆਪਣੇ ਮਰੀਜ਼ਾਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਦੀ ਸਹਾਇਤਾ ਕਰਨ ਲਈ ਤੁਸੀਂ ਸੁਰੱਖਿਅਤ ਅਤੇ ਆਸਾਨੀ ਨਾਲ ਪਹੁੰਚ ਕਰਨ ਵਾਲੀਆਂ ਪ੍ਰਕਿਰਿਆਵਾਂ ਬਣਾਈਆਂ ਹਨ।

## 1.8 ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਮਰੀਜ਼ ਦੇ ਇਲਾਜ ਦੀ ਨਿਰੰਤਰਤਾ ਦਾ ਸਮਰਥਨ ਕਰਨਾ ਚਾਹੀਦਾ ਹੈ।

ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

1.8.1 ਜਦੋਂ ਤੁਸੀਂ ਆਪਣੇ ਮਰੀਜ਼ਾਂ ਦਾ ਇਲਾਜ ਕਰਨ ਲਈ ਉਪਲਬਧ ਨਹੀਂ ਹੁੰਦੇ ਉਦੋਂ ਤੁਹਾਡੇ ਕੋਲ ਆਪਣੇ ਮਰੀਜ਼ ਦੀ ਦੇਖਭਾਲ ਕਰਨ ਲਈ ਵਿਕਲਪਕ ਪ੍ਰਬੰਧ ਹਨ।

1.8.2 ਤੁਸੀਂ ਆਪਣੇ ਮਰੀਜ਼ ਨੂੰ ਉਦੋਂ ਸੂਚਿਤ ਕਰਦੇ ਹੋ ਅਤੇ ਦੇਖਭਾਲ ਦੀ ਨਿਰੰਤਰਤਾ ਬਣਾਈ ਰੱਖਣ ਵਿੱਚ ਸਹਾਇਤਾ ਕਰਦੇ ਹੋ ਜਦੋਂ ਤੁਹਾਡੇ ਕੋਲ ਦੇਖਭਾਲ ਜਾਰੀ ਰੱਖਣ ਦੀ ਸਮਰੱਥਾ ਜਾਂ ਯੋਗਤਾ ਨਹੀਂ ਹੁੰਦੀ।

1.8.3 ਤੁਸੀਂ ਸਹੀ ਅਤੇ ਪੜ੍ਹਨਯੋਗ ਰਿਕਾਰਡ ਬਣਾਉਂਦੇ ਹੋ ਅਤੇ ਆਪਣੇ ਮਰੀਜ਼ ਦੀ ਦੇਖਭਾਲ ਦੀ ਨਿਰੰਤਰਤਾ ਦਾ ਸਮਰਥਨ ਅਤੇ ਪ੍ਰਬੰਧਨ ਕਰਨ ਲਈ ਸਹਿਕਰਮੀਆਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਸੰਪਰਕ ਕਰਦੇ ਹੋ।

ਮਿਆਰਾਂ ਦੀ ਸ਼ੁਰੂਆਤ 'ਤੇ ਵਾਪਸ ਜਾਓ>>

# ਸਿਧਾਂਤ 2: ਸੁਰੱਖਿਅਤ ਅਤੇ ਯੋਗ ਦੇਖਭਾਲ ਪ੍ਰਦਾਨ ਕਰੋ

### 2.1 ਤੁਹਾਨੂੰ ਲਾਜ਼ਮੀ ਤੌਰ 'ਤੇ ਉਨ੍ਹਾਂ ਸਾਰੀਆਂ ਕਨੂੰਨੀ ਸ਼ਰਤਾਂ ਬਾਰੇ ਪਤਾ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਜੋ ਮੌਖਿਕ ਸਿਹਤ ਦੇਖਭਾਲ ਵਿਵਵਸਥਾ ਨੂੰ ਪ੍ਰਭਾਵਿਤ ਕਰਦੀਆਂ ਹਨ।

ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

2.1.1 ਤੁਸੀਂ ਅਭਿਆਸ ਵਾਸਤੇ ਲੋੜੀਂਦੇ *ਐਕਟ*, ਨਿਯਮਾਂ ਅਤੇ BCCOHP ਦੇ ਉਪ-ਨਿਯਮਾਂ ਬਾਰੇ ਜਾਣਦੇ ਅਤੇ ਉਨ੍ਹਾਂ ਦੀ ਪਾਲਣਾ ਕਰਦੇ ਹੋ।

2.1.2 ਤੁਹਾਨੂੰ BCCOHP ਦੇ ਵਰਤਮਾਨ ਪੇਸ਼ੇਵਰ ਅਤੇ ਅਭਿਆਸ ਮਿਆਰਾਂ ਬਾਰੇ ਜਾਣਕਾਰੀ ਹੈ ਅਤੇ ਉਨ੍ਹਾਂ ਦੀ ਪਾਲਣਾ ਕਰਦੇ ਹੋ।

2.1.3 ਤੁਸੀਂ ਸਾਰੇ ਸੰਬੰਧਿਤ ਸੰਘੀ, ਸੂਬਾਈ ਅਤੇ ਮਿਊਂਸਿਪਲ ਕਨੂੰਨਾਂ ਜਾਂ ਹੋਰ ਸ਼ਰਤਾਂ ਬਾਰੇ ਜਾਣਦੇ ਹੋ ਅਤੇ ਉਨ੍ਹਾਂ ਦੀ ਪਾਲਣਾ ਕਰਦੇ ਹੋ, ਜਿਵੇਂ ਕਿ ਪ੍ਰੋਵਿੰਸ਼ੀਅਲ ਹੈੱਲਥ ਆਫ਼ੀਸਰ (PHO) ਤੋਂ ਜਨਤਕ ਸਿਹਤ ਆਦੇਸ਼।

### 2.2 ਤੁਹਾਡੇ ਲਈ ਲਾਜ਼ਮੀ ਹੈ ਕਿ ਤੁਹਾਨੂੰ ਕੇਵਲ ਉਹੀ ਦੇਖਭਾਲ ਪ੍ਰਦਾਨ ਕਰਨੀ ਚਾਹੀਦੀ ਹੈ ਜੋ ਤੁਹਾਡੇ ਅਭਿਆਸ, ਗਿਆਨ, ਹੁਨਰਾਂ ਅਤੇ ਯੋਗਤਾਵਾਂ ਦੇ ਦਾਇਰੇ ਵਿੱਚ ਹੈ।

ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

2.2.1 ਤੁਸੀਂ ਕੇਵਲ *ਐਕਟ*, ਨਿਯਮਾਂ ਅਤੇ BCCOHP ਦੇ ਉਪ-ਨਿਯਮਾਂ ਦੀਆਂ ਸ਼ਰਤਾਂ ਅਤੇ ਸੀਮਾਵਾਂ ਦੇ ਅਨੁਸਾਰ ਆਪਣੇ ਅਭਿਆਸ ਦੇ ਦਾਇਰੇ ਦੇ ਅੰਦਰ ਆਉਂਦੇ ਅਭਿਆਸ ਪਹਿਲੂ ਪ੍ਰਦਾਨ ਕਰਦੇ ਹੋ।

2.2.2 ਤੁਹਾਡੇ ਕੋਲ ਮਰੀਜ਼ ਦੀ ਦੇਖਭਾਲ ਸੁਰੱਖਿਅਤ ਢੰਗ ਨਾਲ ਮੁਹੱਈਆ ਕਰਨ ਲਈ ਲੋੜੀਂਦੀ ਵਰਤਮਾਨ ਸਿੱਖਿਆ, ਸਿਖਲਾਈ ਅਤੇ ਸੰਬੰਧਿਤ ਯੋਗਤਾਵਾਂ ਹਨ।

2.2.3 ਜਦੋਂ ਤੁਸੀਂ ਸੁਰੱਖਿਅਤ ਅਤੇ ਉਚਿਤ ਦੇਖਭਾਲ ਪ੍ਰਦਾਨ ਕਰਨ ਦੀਆਂ ਆਪਣੀਆਂ ਸੀਮਾਵਾਂ ਨੂੰ ਸਮਝਦੇ ਹੋ, ਤੁਸੀਂ ਕਿਸੇ ਤੋਂ ਮਦਦ ਮੰਗਦੇ ਅਤੇ/ਜਾਂ ਆਪਣੇ ਮਰੀਜ਼ ਦੀ ਸਿਫ਼ਾਰਸ਼ ਕਿਤੇ ਹੋਰ ਕਰਦੇ ਹੋ।

### 2.3 ਤੁਹਾਨੂੰ ਲਾਜ਼ਮੀ ਤੌਰ 'ਤੇ ਅਜਿਹੀ ਦੇਖਭਾਲ ਪ੍ਰਦਾਨ ਕਰਨੀ ਚਾਹੀਦੀ ਹੈ ਜੋ ਤੁਹਾਡੇ ਮਰੀਜ਼ ਦੀਆਂ ਲੋੜਾਂ ਵਾਸਤੇ ਉਚਿਤ ਅਤੇ ਡਾਕਟਰੀ ਤੌਰ 'ਤੇ ਸਵੀਕਾਰਯੋਗ ਹੋਵੇ ਅਤੇ ਟਾਲਣਯੋਗ ਨੁਕਸਾਨ ਨੂੰ ਰੋਕਦੀ ਹੋਵੇ।

ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

2.3.1 ਤੁਸੀਂ ਆਪਣੇ ਮਰੀਜ਼ ਨੂੰ ਡਾਕਟਰੀ ਤੌਰ 'ਤੇ ਸਵੀਕਾਰਯੋਗ ਅਤੇ ਸਬੂਤ-ਅਧਾਰਤ ਇਲਾਜ ਨਿਰਧਾਰਤ ਅਤੇ ਮੁਹੱਈਆ ਕਰਨ ਲਈ ਮਰੀਜ਼ ਦੀਆਂ ਵਰਤਮਾਨ ਲੋੜਾਂ ਦਾ ਸੁਤੰਤਰ ਤੌਰ 'ਤੇ ਅਨੁਮਾਨ ਲਾਉਣ ਅਤੇ ਮੁਲਾਂਕਣ ਕਰਨ ਲਈ ਸਮਾਂ ਲਾਉਂਦੇ ਹੋ।

2.3.2 ਤੁਸੀਂ ਆਪਣੇ ਮਰੀਜ਼ ਦੀ ਦੇਖਭਾਲ ਵਿੱਚ ਟਾਲਣਯੋਗ ਸਰੀਰਕ ਅਤੇ ਭਾਵਨਾਤਮਕ ਨੁਕਸਾਨ ਜਾਂ ਦਬਾਅ ਨੂੰ ਰੋਕਦੇ ਹੋ।

2.3.3 ਤੁਸੀਂ ਆਪਣੇ ਮਰੀਜ਼ ਦੇ ਅਰਾਮ ਨੂੰ ਧਿਆਨ ਵਿੱਚ ਰੱਖਦੇ ਹੋ ਅਤੇ ਉਚਿਤ ਦਰਦ ਨਿਯੰਤਰਣ ਉਪਾਵਾਂ ਦੀ ਪੇਸ਼ਕਸ਼ ਕਰਦੇ ਹੋ।

2.3.4 ਤੁਸੀਂ ਆਪਣੇ ਮਰੀਜ਼ ਨੂੰ ਨੁਕਸਾਨ ਹੋਣ ਤੋਂ ਰੋਕਣ ਲਈ ਸਮੁੱਚੀ ਸਿਹਤ ਅਤੇ ਸੁਰੱਖਿਆ ਦਾ ਉਚਿਤ ਪ੍ਰਬੰਧਨ ਕਰਨ ਲਈ ਸੰਭਾਵੀ ਜੋਖਮਾਂ ਦੀ ਪਛਾਣ ਕਰਦੇ ਹੋ।

## 2.4 ਤੁਹਾਨੂੰ ਲਾਜ਼ਮੀ ਤੌਰ 'ਤੇ ਮਰੀਜ਼ ਦੇ ਪੂਰੇ ਅਤੇ ਸਹੀ ਰਿਕਾਰਡ ਬਣਾਉਣੇ ਅਤੇ ਸੁਰੱਖਿਅਤ ਰੱਖਣੇ ਚਾਹੀਦੇ ਹਨ।

### ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

2.4.1 ਤੁਹਾਨੂੰ BCCOHP ਦੇ ਰਿਕਾਰਡਕੀਪਿੰਗ ਸਟੈਂਡਰਡਜ਼ ਦਾ ਪਤਾ ਹੈ ਅਤੇ ਇਨ੍ਹਾਂ ਦੀ ਪਾਲਣਾ ਕਰਦੇ ਹੋ *(ਨੋਟ: ਲੈਗੇਸੀ ਕਾਲਜ ਸਟੈਂਡਰਡਜ਼ ਉਦੋਂ ਤੱਕ ਲਾਗੂ ਹਨ ਜਦੋਂ ਤੱਕ ਅਭਿਆਸ ਮਿਆਰ (ਪ੍ਰੈਕਟਿਸ ਸਟੈਂਡਰਜ਼) ਵਿਕਸਤ ਨਹੀਂ ਹੋ ਜਾਂਦੇ)।*

## 2.5 ਤੁਹਾਨੂੰ ਲਾਜ਼ਮੀ ਤੌਰ 'ਤੇ ਸੁਰੱਖਿਅਤ ਅਤੇ ਸਵੱਛ ਵਾਤਾਵਰਨ ਵਿੱਚ ਅਭਿਆਸ ਕਰਨਾ ਚਾਹੀਦਾ ਹੈ।

### ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

2.5.1 ਤੁਸੀਂ ਇਹ ਯਕੀਨੀ ਬਣਾਉਂਦੇ ਹੋ ਕਿ ਜਿਸ ਵਾਤਾਵਰਨ ਵਿੱਚ ਤੁਸੀਂ ਮੌਖਿਕ ਸਿਹਤ ਸੰਭਾਲ ਪ੍ਰਦਾਨ ਕਰਦੇ ਹੋ ਉਹ ਸੰਬੰਧਿਤ ਕਨੂੰਨੀ ਅਤੇ ਨਿਯਮਕ ਸ਼ਰਤਾਂ ਪੂਰੀਆਂ ਕਰਦਾ ਹੋਵੇ।

2.5.2 ਤੁਸੀਂ BCCOHP ਦੁਆਰਾ ਸਥਾਪਤ ਲਾਗ ਦੀ ਰੋਕਥਾਮ ਅਤੇ ਨਿਯੰਤ੍ਰਣ ਦੀਆਂ ਲੋੜਾਂ ਅਤੇ ਸਾਰੀਆਂ ਲਾਗੂ ਸਰਕਾਰੀ ਜਾਂ ਕਨੂੰਨੀ ਸ਼ਰਤਾਂ ਦੀ ਪਾਲਣਾ ਕਰਦੇ ਹੋ।

2.5.3 ਤੁਸੀਂ ਇਹ ਯਕੀਨੀ ਬਣਾਉਂਦੇ ਹੋ ਕਿ ਜਿਸ ਵਾਤਾਵਰਨ ਵਿੱਚ ਤੁਸੀਂ ਮੌਖਿਕ ਸਿਹਤ ਸੰਭਾਲ ਪ੍ਰਦਾਨ ਕਰਦੇ ਹੋ, ਉੱਥੇ ਨਿਰਮਾਤਾ ਦੀਆਂ ਹਿਦਾਇਤਾਂ ਜਾਂ ਸੰਬੰਧਿਤ ਕਨੂੰਨ ਅਨੁਸਾਰ ਉਚਿਤ ਅਤੇ ਠੀਕ ਢੰਗ ਨਾਲ ਕਾਇਮ ਰੱਖਿਆ ਸਾਜੋ-ਸਾਮਾਨ ਮੌਜੂਦ ਹੈ।

2.5.4 ਤੁਸੀਂ ਕਿਸੇ ਵੀ ਦਵਾਈਆਂ ਅਤੇ ਖ਼ਤਰਨਾਕ ਸਮੱਗਰੀ ਨੂੰ ਬੰਦ ਕਰਕੇ (ਜਿੰਦਰਾ ਆਦਿ ਲਾ ਕੇ) ਅਤੇ ਸੁਰੱਖਿਅਤ ਰੂਪ ਵਿੱਚ ਸਟੋਰ ਕਰਦੇ, ਵਰਤਦੇ, ਵਸਤੂ ਸੂਚੀ ਬਣਾਉਂਦੇ ਅਤੇ ਉਸਦਾ ਨਿਪਟਾਰਾ ਕਰਦੇ ਹੋ।

2.5.5 ਤੁਸੀਂ ਇਹ ਯਕੀਨੀ ਬਣਾਉਂਦੇ ਹੋ ਕਿ ਜਿਸ ਵਾਤਾਵਰਨ ਵਿੱਚ ਤੁਸੀਂ ਮੌਖਿਕ ਸਿਹਤ ਸੰਭਾਲ ਪ੍ਰਦਾਨ ਕਰਦੇ ਹੋ, ਉਸ ਵਿੱਚ ਲੋੜੀਂਦੀ ਅਤੇ ਸਹੀ ਢੰਗ ਨਾਲ ਕਾਇਮ ਰੱਖੀ ਡਾਕਟਰੀ ਐਮਰਜੈਂਸੀ ਕਿੱਟ ਹੈ ਜੋ ਉਪਲਬਧ ਅਤੇ ਪਹੁੰਚਯੋਗ ਹੈ।

2.5.6 ਤੁਸੀਂ ਇਹ ਯਕੀਨੀ ਬਣਾਉਂਦੇ ਹੋ ਕਿ ਜਿਸ ਵਾਤਾਵਰਨ ਵਿੱਚ ਤੁਸੀਂ ਮੌਖਿਕ ਸਿਹਤ ਸੰਭਾਲ ਪ੍ਰਦਾਨ ਕਰਦੇ ਹੋ, ਉੱਥੇ ਉਚਿਤ ਸੰਕਟਕਾਲੀਨ ਪ੍ਰੋਟੋਕੋਲ ਨਿਰਧਾਰਤ ਕੀਤੇ ਹੋਏ ਹਨ। ਤੁਸੀਂ ਆਪਣੀ ਟੀਮ ਨਾਲ ਬਾਕਾਇਦਾ ਐਮਰਜੈਂਸੀ ਸਿਖਲਾਈ ਵਿੱਚ ਹਿੱਸਾ ਲੈਂਦੇ ਹੋ ਅਤੇ ਡਾਕਟਰੀ ਐਮਰਜੈਂਸੀ ਦੀ ਸੂਰਤ ਵਿੱਚ ਤੁਸੀਂ ਆਪਣੀ ਭੂਮਿਕਾ ਅਤੇ ਜ਼ਿੰਮੇਵਾਰੀਆਂ ਨੂੰ ਸਮਝਦੇ ਹੋ।

### 2.6 ਤੁਹਾਨੂੰ ਲਾਜ਼ਮੀ ਤੌਰ 'ਤੇ ਮਰੀਜ਼ਾਂ ਦੀ ਸੁਰੱਖਿਆ ਅਤੇ ਪ੍ਰਦਾਨ ਕੀਤੀ ਦੇਖਭਾਲ ਲਈ ਜਵਾਬਦੇਹ ਹੋਣਾ ਚਾਹੀਦਾ ਹੈ।

ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

2.6.1 ਤੁਹਾਡੇ ਅਤੇ ਤੁਹਾਡੀ ਟੀਮ ਵੱਲੋਂ ਪ੍ਰਦਾਨ ਕੀਤੀ ਦੇਖਭਾਲ ਲਈ ਤੁਸੀਂ ਜਵਾਬਦੇਹ ਹੋ।

2.6.2 ਜਦੋਂ ਤੁਸੀਂ ਕਿਸੇ ਹੋਰ ਸਿਹਤ ਪੇਸ਼ੇਵਰ ਨਾਲ ਸਹਿਯੋਗ ਕਰਦੇ ਹੋ ਤਾਂ ਤੁਸੀਂ ਆਪਣੇ ਮਰੀਜ਼ ਦੀ ਦੇਖਭਾਲ ਦੀ ਨਿਰੰਤਰਤਾ ਲਈ ਜਵਾਬਦੇਹੀ ਸਾਂਝੀ ਕਰਦੇ ਹੋ।

---

### 2.7 ਤੁਹਾਨੂੰ ਲਾਜ਼ਮੀ ਤੌਰ 'ਤੇ ਵਰਤਮਾਨ ਸਮੇਂ ਅਨੁਸਾਰ ਗਿਆਨ, ਹੁਨਰ ਅਤੇ ਯੋਗਤਾਵਾਂ ਬਣਾਈ ਰੱਖਣੀਆਂ ਚਾਹੀਦੀਆਂ ਹਨ।

ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

2.7.1 ਤੁਸੀਂ ਸਮੇਂ ਦੇ ਹਾਣੀ ਰਹਿੰਦੇ ਹੋ ਅਤੇ ਆਪਣੇ ਪੇਸ਼ੇਵਰ ਜੀਵਨ ਦੌਰਾਨ ਆਪਣੇ ਗਿਆਨ, ਹੁਨਰ ਅਤੇ ਯੋਗਤਾਵਾਂ ਨੂੰ ਨਵੀਨਤਮ ਰੱਖਦੇ ਹੋ।

2.7.2 ਤੁਸੀਂ ਆਪਣੀ ਪੇਸ਼ੇਵਰ ਸੂਝ ਦੀ ਵਰਤੋਂ ਕਰਦੇ ਹੋ ਅਤੇ ਆਪਣੇ ਗਿਆਨ, ਹੁਨਰਾਂ ਅਤੇ ਯੋਗਤਾਵਾਂ ਵਿੱਚ ਸੰਭਾਵੀ ਅੰਤਰਾਂ ਜਾਂ ਕਮੀਆਂ ਦੀ ਪਛਾਣ ਕਰਨ ਲਈ ਮਰੀਜ਼ ਦੇ ਨਤੀਜਿਆਂ 'ਤੇ ਵਿਚਾਰ ਕਰਦੇ ਹੋ ਅਤੇ ਉਨ੍ਹਾਂ ਨੂੰ ਹੱਲ ਕਰਨ ਲਈ ਕਦਮ ਚੁੱਕਦੇ ਹੋ।

2.7.3 ਤੁਸੀਂ BCCOHP ਦੀਆਂ ਗੁਣਵੱਤਾ ਭਰੋਸੇ ਦੀਆਂ ਲੋੜਾਂ ਪੂਰੀਆਂ ਕਰਦੇ ਹੋ।

---

### 2.8 ਤੁਹਾਨੂੰ ਖ਼ੁਦ ਆਪਣੀ ਸਿਹਤ ਜਾਂ ਤੰਦਰੁਸਤੀ ਲਈ ਜਵਾਬਦੇਹ ਹੋਣਾ ਲਾਜ਼ਮੀ ਹੈ।

ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

2.8.1 ਤੁਸੀ ਸਰੀਰਕ, ਮਨੋਵਿਗਿਆਨਕ ਅਤੇ ਭਾਵਨਾਤਮਕ ਤੌਰ 'ਤੇ ਸੁਰੱਖਿਅਤ ਦੇਖਭਾਲ ਪ੍ਰਦਾਨ ਕਰ ਸਕਦੇ ਹੋ।

2.8.2 ਤੁਸੀਂ ਆਪਣੀ ਸਿਹਤ ਜਾਂ ਤੰਦਰੁਸਤੀ ਦੇ ਕਾਰਨ ਮਰੀਜ਼ ਸੁਰੱਖਿਆ ਦੇ ਜੋਖਮਾਂ ਦੀ ਪਛਾਣ ਕਰਦੇ ਹੋ ਅਤੇ ਉਨ੍ਹਾਂ ਨੂੰ ਹੱਲ ਕਰਦੇ ਹੋ।

2.8.3 ਜਦੋਂ ਤੁਹਾਨੂੰ ਕੋਈ ਅਜਿਹਾ ਸਰੀਰਕ ਜਾਂ ਮਾਨਸਿਕ ਵਿਕਾਰ ਹੋਵੇ ਜੋ ਸੁਰੱਖਿਅਤ ਅਤੇ ਵਾਜਬ ਦੇਖਭਾਲ ਪ੍ਰਦਾਨ ਕਰਨ ਦੀ ਤੁਹਾਡੀ ਯੋਗਤਾ ਨੂੰ ਪ੍ਰਭਾਵਿਤ ਕਰਦਾ ਹੈ ਤਾਂ ਤੁਸੀਂ ਅਭਿਆਸ ਬੰਦ ਕਰ ਦਿੰਦੇ ਹੋ।

*ਮਿਆਰਾਂ ਦੀ ਸ਼ੁਰੂਆਤ 'ਤੇ ਵਾਪਸ ਜਾਓ>>*

# ਸਿਧਾਂਤ 3: ਸੱਭਿਆਚਾਰਕ ਤੌਰ 'ਤੇ ਜਾਗਰੂਕ, ਨਿਆਸੰਗਤ ਅਤੇ ਸਮਾਵੇਸ਼ੀ ਬਣੋ

## 3.1 ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਮਰੀਜ਼ ਨਾਲ ਨਿਰਪੱਖ ਅਤੇ ਬਿਨਾਂ ਕਿਸੇ ਭੇਦਭਾਵ ਦੇ ਵਿਹਾਰ ਕਰਨਾ ਚਾਹੀਦਾ ਹੈ।

ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

3.1.1 ਤੁਹਾਨੂੰ ਆਪਣੇ ਮਰੀਜ਼ ਨਾਲ ਨਿਰਪੱਖ ਅਤੇ ਬਿਨਾਂ ਕਿਸੇ ਭੇਦਭਾਵ ਦੇ ਵਿਹਾਰ ਕਰਨਾ ਚਾਹੀਦਾ ਹੈ।

3.1.2 ਤੁਸੀਂ ਸਾਰੇ ਲੋਕਾਂ ਦੇ ਅਧਿਕਾਰਾਂ ਦਾ ਆਦਰ ਕਰਦੇ ਹੋ ਅਤੇ ਲਾਗੂ ਮਨੁੱਖੀ ਅਧਿਕਾਰਾਂ ਸੰਬੰਧੀ ਕਨੂੰਨਾਂ ਅਤੇ ਵਿਧਾਨਾਂ ਦੀ ਪਾਲਣਾ ਕਰਦੇ ਹੋ।

3.1.3 ਤੁਸੀਂ ਨਿੱਜੀ ਵਿਸ਼ੇਸ਼ ਅਧਿਕਾਰ ਨੂੰ ਸਮਝਦੇ ਹੋ ਅਤੇ ਇਹ ਕਿਵੇਂ ਸ਼ਕਤੀ ਅਸੰਤੁਲਨਾਂ ਅਤੇ ਤੁਹਾਡੇ ਮਰੀਜ਼ ਦੀ ਆਦਰ ਸਹਿਤ ਦੇਖਭਾਲ ਕਰਨ ਦੀ ਤੁਹਾਡੀ ਯੋਗਤਾ ਨੂੰ ਪ੍ਰਭਾਵਿਤ ਕਰ ਸਕਦਾ ਹੈ।

---

## 3.2 ਤੁਹਾਨੂੰ ਲਾਜ਼ਮੀ ਤੌਰ 'ਤੇ ਸੱਭਿਆਚਾਰਕ ਜਵਾਬਦੇਹ ਤਰੀਕੇ ਨਾਲ ਅਭਿਆਸ ਕਰਨਾ ਚਾਹੀਦਾ ਹੈ ਜੋ ਤੁਹਾਡੇ ਮਰੀਜ਼ ਦੀ ਪਛਾਣ, ਕਦਰਾਂ-ਕੀਮਤਾਂ ਅਤੇ ਵਿਸ਼ਵਾਸ਼ਾਂ ਦਾ ਆਦਰ ਕਰਦਾ ਹੈ।

ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

3.2.1 ਤੁਸੀਂ ਆਪਣੇ ਮਰੀਜ਼ ਦੀ ਪਛਾਣ, ਕਦਰਾਂ-ਕੀਮਤਾਂ ਅਤੇ ਵਿਸ਼ਵਾਸ਼ਾਂ ਬਾਰੇ ਸਿੱਖਣ ਅਤੇ ਸਮਝਣ ਲਈ ਆਦਰਯੋਗ, ਖੁੱਲ੍ਹੇ ਅਤੇ ਪ੍ਰਭਾਵਸ਼ਾਲੀ ਸੰਵਾਦ ਨੂੰ ਉਤਸ਼ਾਹਿਤ ਕਰਦੇ ਹੋ, ਜਿਸ ਵਿੱਚ ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਵਿਸ਼ਵਾਸ਼ ਸ਼ਾਮਲ ਹਨ।

3.2.2 ਜਦੋਂ ਮਰੀਜ਼ ਦੇਖਭਾਲ ਪ੍ਰਾਪਤ ਕਰ ਰਿਹਾ ਹੁੰਦਾ ਹੈ ਤੁਸੀਂ ਉਦੋਂ ਉਸਦੀ ਤੰਦਰੁਸਤੀ ਅਤੇ ਅਰਾਮ ਦਾ ਸਮਰਥਨ ਕਰਨ ਲਈ ਸਰੀਰਕ, ਸੱਭਿਆਚਾਰਕ, ਸਮਾਜਿਕ, ਭਾਵਨਾਤਮਕ ਅਤੇ ਅਧਿਆਤਮਿਕ ਤੌਰ 'ਤੇ ਸੁਰੱਖਿਅਤ ਅਭਿਆਸਾਂ ਨੂੰ ਉਤਸ਼ਾਹਿਤ ਕਰਦੇ ਹੋ।

3.2.3 ਜਿੱਥੇ ਸੰਭਵ ਹੋਵੇ, ਤੁਸੀਂ ਆਪਣੇ ਮਰੀਜ਼ ਦੀਆਂ ਕਦਰਾਂ-ਕੀਮਤਾਂ ਅਤੇ ਵਿਸ਼ਵਸ਼ਾਂ ਨੂੰ ਵਿਚਾਰਦੇ ਹੋ ਅਤੇ ਦੇਖਭਾਲ ਵਿੱਚ ਸ਼ਾਮਲ ਕਰਦੇ ਹੋ ਅਤੇ ਇਹ ਸਵੀਕਾਰ ਕਰਦੇ ਹੋ ਕਿ ਸੱਭਿਆਚਾਰ ਅਤੇ ਭਾਈਚਾਰਾ ਤੁਹਾਡੇ ਮਰੀਜ਼ ਦੀ ਦੇਖਭਾਲ ਦਾ ਇੱਕ ਅਨਿੱਖੜਵਾਂ ਅੰਗ ਹੋ ਸਕਦਾ ਹੈ।

3.2.4 ਤੁਸੀਂ ਇਹ ਵਿਚਾਰਦੇ ਹੋ ਕਿ ਕਿਵੇਂ ਸੱਭਿਆਚਾਰਕ ਤਜ਼ਰਬੇ, ਪਿਛੋਕੜ ਅਤੇ ਸਦਮਾ, ਜਿਸ ਵਿੱਚ ਅੰਤਰ-ਪੀੜ੍ਹੀ (ਇੱਕ ਪੀੜ੍ਹੀ ਤੋਂ ਅਗਲੀ ਪੀੜ੍ਹੀ ਤੱਕ ਜਾਣਾ) ਸਦਮਾ ਵੀ ਸ਼ਾਮਲ ਹੈ, ਤੁਹਾਡੇ ਮਰੀਜ਼ ਦੀ ਸਹਿਮਤੀ ਦੇਣ ਜਾਂ ਸੰਭਾਲ ਪ੍ਰਾਪਤ ਕਰਨ ਦੀ ਯੋਗਤਾ ਅਤੇ ਉਸਦੀਆਂ ਵਿਸ਼ੇਸ਼ ਲੋੜਾਂ ਪੂਰੀਆਂ ਕਰਨ ਲਈ ਤੁਹਾਡੀ ਪਹੁੰਚ ਅਨੁਸਾਰ ਅਨੁਕੂਲ ਹੋਣ ਉੱਪਰ ਅਸਰ ਪਾ ਸਕਦਾ ਹੈ।

### 3.3 ਤੁਹਾਨੂੰ ਲਾਜ਼ਮੀ ਤੌਰ 'ਤੇ ਭੇਦਭਾਵ ਅਤੇ ਨਸਲਵਾਦ ਦੀ ਪਛਾਣ ਕਰਨੀ ਚਾਹੀਦੀ ਹੈ ਅਤੇ ਉਸਨੂੰ ਹੱਲ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ।

ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

3.3.1 ਤੁਸੀਂ ਅਤੇ ਤੁਹਾਡੀ ਟੀਮ ਭੇਦਭਾਵ ਅਤੇ ਨਸਲਵਾਦ ਦੀ ਪਛਾਣ ਕਰਨ, ਇਸ ਨੂੰ ਹੱਲ ਕਰਨ ਅਤੇ ਰੋਕਣ ਲਈ ਭੇਦਭਾਵ ਵਿਰੋਧੀ ਅਤੇ ਨਸਲਵਾਦ ਵਿਰੋਧੀ ਨਜ਼ਰੀਆ ਅਤੇ ਸਾਧਨ ਅਪਣਾਉਂਦੇ ਹੋ।

3.3.2 ਤੁਸੀਂ ਇਹ ਯਕੀਨੀ ਬਣਾਉਂਦੇ ਹੋ ਕਿ ਤੁਹਾਡੇ ਰਵੱਈਏ ਜਾਂ ਵਿਸ਼ਵਾਸ਼ ਸੁਰੱਖਿਅਤ ਅਤੇ ਦਿਆਲੂ ਦੇਖਭਾਲ ਪ੍ਰਦਾਨ ਕਰਨ ਦੀ ਤੁਹਾਡੀ ਯੋਗਤਾ ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਨਹੀਂ ਕਰਦੇ।

3.3.3 ਜਦੋਂ ਤੁਹਾਡੇ ਕੰਮ ਵਾਲੀ ਥਾਂ ਵਿਖੇ ਭੇਦਭਾਵ ਅਤੇ/ਜਾਂ ਨਸਲੀ ਵਿਹਾਰ ਵਾਪਰਦਾ ਹੈ ਤਾਂ ਤੁਸੀਂ ਉਚਿਤ ਕਾਰਵਾਈ ਕਰਦੇ ਹੋ। ਇਸ ਵਿੱਚ ਹਾਨੀਕਾਰਕ ਰਵੱਈਏ, ਭਾਸ਼ਾ ਜਾਂ ਵਿਹਾਰ ਦੀ ਪਛਾਣ ਕਰਨ ਵਿੱਚ ਸਹਿਕਰਮੀਆਂ ਦੀ ਮਦਦ ਕਰਨਾ ਸ਼ਾਮਲ ਹੋ ਸਕਦਾ ਹੈ।

3.3.4 ਤੁਸੀਂ ਫ਼ੀਡਬੈਕ ਨੂੰ ਸਵੀਕਾਰ ਕਰਦੇ ਹੋ ਅਤੇ ਹਾਨੀਕਾਰਕ ਪੱਖਪਾਤੀ ਵਿਹਾਰ ਨਾਲ ਨਜਿੱਠਣ ਲਈ ਕਦਮ ਚੁੱਕਦੇ ਹੋ।

3.3.5 ਜੇ ਤੁਹਾਡੇ ਕੋਲ ਇਹ ਵਿਸ਼ਵਾਸ਼ ਕਰਨ ਲਈ ਵਾਜਬ ਅਧਾਰ ਹਨ ਕਿ ਕਿਸੇ ਹੋਰ ਸਿਹਤ ਪੇਸ਼ੇਵਰ ਨੇ, ਆਪਣੇ ਅਭਿਆਸ ਸੰਬੰਧੀ *ਮਨੁੱਖੀ ਅਧਿਕਾਰ ਦੇ ਜ਼ਾਬਤੇ (Human Rights Code)* ਤਹਿਤ ਵਰਜਿਤ ਭੇਦਭਾਵ ਦਾ ਕੰਮ ਕੀਤਾ ਹੈ, ਤੁਸੀਂ BCCOHP ਨੂੰ ਜਾਂ ਹੋਰ ਉਚਿਤ ਰੈਗੂਲੇਟਰ ਨੂੰ ਰਿਪੋਰਟ ਕਰਦੇ ਹੋ।

3.3.6 ਤੁਸੀਂ ਮਰੀਜ਼ਾਂ, ਸਹਿਕਰਮੀਆਂ ਅਤੇ ਹੋਰਨਾਂ ਦਾ ਸਮਰਥਨ ਕਰਦੇ ਹੋ ਜਿਨ੍ਹਾਂ ਨਾਲ ਭੇਦਭਾਵ ਜਾਂ ਨਸਲੀ ਵਿਤਕਰਾ ਹੁੰਦਾ ਹੈ।

---

### 3.4 ਤੁਹਾਨੂੰ ਮੂਲਵਾਸੀ ਲੋਕਾਂ ਨੂੰ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਦੇਖਭਾਲ ਪ੍ਰਦਾਨ ਕਰਨੀ ਲਾਜ਼ਮੀ ਹੈ।

ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

3.4.1 ਤੁਸੀਂ ਬਸਤੀਵਾਦ ਦੇ ਇਤਿਹਾਸਕ ਅਤੇ ਵਰਤਮਾਨ ਪ੍ਰਭਾਵਾਂ ਨੂੰ ਪਛਾਣਦੇ ਹੋਏ ਮੂਲਵਾਸੀ ਲੋਕਾਂ ਵੱਲੋਂ ਹੰਢਾਏ ਜੀਵਨ ਤਰਜ਼ਬਿਆਂ ਬਾਰੇ ਆਪਣੇ ਆਪ ਨੂੰ ਸਿੱਖਿਅਤ ਕਰਨ ਲਈ ਕਦਮ ਚੁੱਕਦੇ ਹੋ।

3.4.2 ਤੁਸੀਂ ਇਹ ਮੰਨਦੇ ਹੋ ਕਿ ਮੂਲਵਾਸੀ ਭਾਈਚਾਰੇ ਨਿਵੇਕਲੇ ਹਨ ਅਤੇ ਜਿੱਥੇ ਸੰਭਵ ਹੋਵੇ ਆਪਣੇ ਮੂਲਵਾਸੀ ਮਰੀਜ਼ਾਂ ਦੀਆਂ ਵੱਖਰੀਆਂ ਲੋੜਾਂ ਨੂੰ ਦੇਖਭਾਲ ਵਿੱਚ ਸ਼ਾਮਲ ਕਰਦੇ ਹੋ।

3.4.3 ਤੁਸੀਂ ਮੂਲਵਾਸੀ ਲੋਕਾਂ ਦੇ ਨਿਵੇਕਲੇ ਅਧਿਕਾਰਾਂ ਦਾ ਆਦਰ ਕਰਦੇ ਹੋ। ਤੁਸੀਂ ਇਹ ਸਮਝਦੇ ਹੋ ਕਿ ਮੂਲਵਾਸੀ ਲੋਕਾਂ ਦੇ ਕਨੂੰਨ ਅਤੇ ਲਾਗੂ ਹੋਣ ਵਾਲੇ ਕਨੂੰਨ ਤੁਹਾਡੇ ਮਰੀਜ਼ ਉੱਪਰ ਲਾਗੂ ਹੋ ਸਕਦੇ ਹਨ, ਜਿਸ ਵਿੱਚ *ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦਾ ਘੋਸ਼ਣਾ ਪੱਤਰ* ਅਤੇ ਬੀਸੀ ਦਾ *ਮੂਲਵਾਸੀ ਲੋਕਾਂ ਦੇ ਅਧਿਕਾਰਾਂ ਦੇ ਐਕਟ ਬਾਰੇ ਘੋਸ਼ਣਾ ਪੱਤਰ* ਸ਼ਾਮਲ ਹੈ।

3.4.4 ਤੁਸੀਂ ਸਮਝਦੇ ਹੋ ਕਿ ਮੂਲਵਾਸੀ-ਵਿਸ਼ੇਸ਼ ਨਸਲਵਾਦ ਮੂਲਵਾਸੀ ਲੋਕਾਂ ਦੇ ਸਿਹਤ ਨਤੀਜਿਆਂ ਅਤੇ ਸਿਹਤ ਸੰਭਾਲ ਪ੍ਰਣਾਲੀ ਨੂੰ ਦੇਖਣ, ਪਹੁੰਚ ਕਰਨ ਅਤੇ ਗੱਲਬਾਤ ਕਰਨ ਦੀ ਯੋਗਤਾ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ।

3.4.5 ਤੁਸੀਂ ਮੂਲਵਾਸੀ ਮਰੀਜ਼ਾਂ ਲਈ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਦੇਖਭਾਲ ਪ੍ਰਦਾਨ ਕਰਨ ਦੀ ਆਪਣੀ ਯੋਗਤਾ ਵਿੱਚ ਲਗਾਤਾਰ ਸੁਧਾਰ ਕਰਦੇ ਹੋ।

*ਮਿਆਰਾਂ ਦੀ ਸ਼ੁਰੂਆਤ 'ਤੇ ਵਾਪਸ ਜਾਓ>>*

# ਸਿਧਾਂਤ 4: ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ (ਗੱਲਬਾਤ) ਕਰੋ ਅਤੇ ਜਾਣਕਾਰੀ ਦੇ ਕੇ ਸਹਿਮਤੀ ਪ੍ਰਾਪਤ ਕਰੋ

## 4.1 ਤੁਹਾਨੂੰ ਆਪਣੇ ਮਰੀਜ਼ ਨਾਲ ਸਪੱਸ਼ਟ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨਾ ਲਾਜ਼ਮੀ ਹੈ।

### ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

4.1.1 ਤੁਸੀਂ ਆਪਣੀ ਜਾਣ-ਪਛਾਣ ਕਰਾਉਂਦੇ ਹੋ ਅਤੇ ਦੱਸਦੇ ਹੋ ਕਿ ਤੁਸੀਂ ਮਰੀਜ਼ ਦੀ ਦੇਖਭਾਲ ਵਿੱਚ ਕਿਵੇਂ ਸ਼ਾਮਲ ਹੋਵੋਗੇ।

4.1.2 ਤੁਸੀਂ ਇਸ ਢੰਗ ਨਾਲ ਗੱਲਬਾਤ ਕਰਦੇ ਹੋ ਜਿਸਨੂੰ ਤੁਹਾਡਾ ਮਰੀਜ਼ ਸਮਝਦਾ ਹੈ ਅਤੇ ਆਪਣੇ ਮਰੀਜ਼ ਦੀਆਂ ਤਰਜੀਹਾਂ ਅਨੁਸਾਰ ਇਸ ਵਿੱਚ ਮਰੀਜ਼ ਦੇ ਨੁਮਾਇੰਦਿਆਂ, ਸਰਪ੍ਰਸਤਾਂ ਜਾਂ ਮਦਦਗਾਰ ਲੋਕਾਂ ਨੂੰ ਸ਼ਾਮਲ ਕਰਦੇ ਹੋ।

4.1.3 ਤੁਸੀਂ ਸੰਚਾਰ ਦੀਆਂ ਰੁਕਾਵਟਾਂ ਨੂੰ ਸਮਝਦੇ ਹੋ ਅਤੇ ਉਨ੍ਹਾਂ ਨੂੰ ਦੂਰ ਕਰਨ ਲਈ ਵਿਵਸਥਾ ਕਰਦੇ ਹੋ, ਜਿਸ ਵਿੱਚ ਭਾਸ਼ਾ, ਅਪੰਗਤਾਵਾਂ ਜਾਂ ਸੱਭਿਆਚਾਰਕ ਵਖਰੇਵੇਂ ਸ਼ਾਮਲ ਹਨ।

4.1.4 ਤੁਸੀਂ ਆਪਣੇ ਮਰੀਜ਼ ਨਾਲ ਇੱਕ ਸੁਰੱਖਿਅਤ ਵਾਤਾਵਰਨ ਬਣਾਉਣ ਲਈ ਕੰਮ ਕਰਦੇ ਹੋ ਜਿੱਥੇ ਉਹ ਬਿਨਾਂ ਪਰਖੇ ਜਾਣ ਦੇ ਡਰ ਤੋਂ ਗੱਲਬਾਤ ਕਰਨ ਵਿੱਚ ਅਰਾਮਦਾਇਕ ਮਹਿਸੂਸ ਕਰਦੇ ਹਨ।

4.1.5 ਤੁਸੀਂ ਦੋ-ਪੱਖੀ, ਖੁੱਲ੍ਹੇ ਵਿਚਾਰ-ਵਟਾਂਦਰੇ ਨੂੰ ਉਤਸ਼ਾਹਿਤ ਕਰਦੇ ਹੋ ਅਤੇ ਆਪਣੇ ਮਰੀਜ਼ ਦੇ ਸਮੁੱਚੀ ਸਿਹਤ ਅਤੇ ਨਿੱਜੀ ਹਾਲਤਾਂ ਨੂੰ ਸਮਝਣ ਲਈ ਉਨ੍ਹਾਂ ਨੂੰ ਧਿਆਨ ਨਾਲ ਸੁਣਦੇ ਹੋ। ਤੁਸੀਂ ਆਪਣੇ ਮਰੀਜ਼ ਨੂੰ ਸਵਾਲ ਪੁੱਛਣ ਲਈ ਉਤਸ਼ਾਹਿਤ ਕਰਦੇ ਹੋ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਇਲਾਜ ਦੌਰਾਨ ਉਹ ਕੀ ਅਨੁਭਵ ਕਰਨਗੇ ਅਤੇ ਆਪਣੀਆਂ ਲੋੜਾਂ ਨੂੰ ਸਪੱਸ਼ਟ ਕਰਨ ਅਤੇ ਸਮਝਣ ਲਈ ਕ੍ਰਿਆਸ਼ੀਲ ਫ਼ੀਡਬੈਕ ਮੰਗਦੇ ਹੋ।

4.1.6 ਤੁਸੀਂ ਆਪਣੇ ਹਾਵ-ਭਾਵ ਦੀ ਭਾਸ਼ਾ, ਆਪਣੇ ਮਰੀਜ਼ ਦੇ ਹਾਵ-ਭਾਵ ਦੀ ਭਾਸ਼ਾ ਅਤੇ ਗ਼ੈਰ-ਜ਼ੁਬਾਨੀ ਸੰਚਾਰ ਤੋਂ ਜਾਣੂ ਹੋ, ਜੋ ਇਹ ਨਿਰਧਾਰਤ ਕਰਨ ਵਿੱਚ ਮਦਦ ਕਰਦਾ ਹੈ ਕਿ ਤੁਹਾਡੇ ਮਰੀਜ਼ ਦੀ ਗੱਲਬਾਤ ਅਤੇ ਇਲਾਜ ਸੰਬੰਧੀ ਕੀ ਪ੍ਰਤਿਕਿਰਿਆ ਹੈ। ਤੁਸੀਂ ਲੋੜ ਅਨੁਸਾਰ ਵਿਵਸਥਾ ਕਰਦੇ ਹੋ।

4.1.7 ਤੁਸੀਂ ਪ੍ਰਭਾਵਸ਼ਾਲੀ ਢੰਗ ਨਾਲ ਗੱਲਬਾਤ ਕਰਨ ਲਈ ਕਾਫ਼ੀ ਸਮਾਂ ਦਿੰਦੇ ਹੋ ਅਤੇ ਯਕੀਨੀ ਬਣਾਉਂਦੇ ਹੋ ਕਿ ਤੁਹਾਡਾ ਮਰੀਜ਼ ਤੁਹਾਡੇ ਵੱਲੋਂ ਪੇਸ਼ ਕੀਤੀ ਜਾਣਕਾਰੀ ਨੂੰ ਸਮਝਦਾ ਹੈ।

4.1.8 ਤੁਸੀਂ ਮਰੀਜ਼ ਦੇ ਸੰਚਾਰਾਂ ਅਤੇ ਜਾਣਕਾਰੀ ਜਾਂ ਰਿਕਾਰਡਾਂ ਵਾਸਤੇ ਬੇਨਤੀਆਂ ਦਾ ਤੁਰੰਤ ਜਵਾਬ ਦਿੰਦੇ ਹੋ।

## 4.2 ਇਲਾਜ ਪ੍ਰਦਾਨ ਕਰਨ ਤੋਂ ਪਹਿਲਾਂ ਤੁਹਾਨੂੰ ਜਾਣਕਾਰੀ ਦੇ ਕੇ ਸਹਿਮਤੀ ਲਾਜ਼ਮੀ ਲੈਣੀ ਚਾਹੀਦੀ ਹੈ।

### ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

4.2.1 ਦੇਖਭਾਲ ਪ੍ਰਦਾਨ ਕਰਨ ਲਈ ਤੁਸੀਂ ਆਪਣੇ ਮਰੀਜ਼ ਦੀ ਸਹਿਮਤੀ ਪ੍ਰਾਪਤ ਕੀਤੀ ਹੈ।

4.2.2 ਤੁਸੀਂ ਇਲਾਜ ਦੇ ਸਾਰੇ ਵਾਜਬ ਵਿਕਲਪ ਪੇਸ਼ ਕਰਦੇ ਹੋ ਜਿਸ ਵਿੱਚ ਸੰਬੰਧਿਤ ਖ਼ਤਰੇ, ਫ਼ਾਇਦੇ, ਲਾਗਤਾਂ, ਨਤੀਜੇ ਅਤੇ ਮਰੀਜ਼ ਦੀ ਵਿਅਕਤੀਗਤ ਸਥਿਤੀ ਨਾਲ ਸੰਬੰਧਿਤ ਹੋਰ ਤੱਥ ਸ਼ਾਮਲ ਹਨ। ਤੁਸੀਂ ਅਨਉਚਿਤ, ਦੇਰੀ ਨਾਲ ਜਾਂ ਇਨਕਾਰ ਕੀਤੇ ਇਲਾਜ ਦੇ ਨਤੀਜੇ ਵਿਸਤਾਰ ਨਾਲ ਸਮਝਾਉਂਦੇ ਹੋ।

4.2.3 ਜੇ ਕੋਈ ਤਬਦੀਲੀਆਂ ਹੁੰਦੀਆਂ ਹਨ ਤਾਂ ਤੁਸੀਂ ਆਪਣੇ ਮਰੀਜ਼ ਦੀ ਸਹਿਮਤੀ ਦੀ ਮੁੜ ਪੁਸ਼ਟੀ ਕਰਦੇ ਹੋ ਅਤੇ ਉਹਨਾਂ ਨੂੰ ਕਿਸੇ ਵੀ ਸਮੇਂ ਸਹਿਮਤੀ ਵਾਪਸ ਲੈਣ ਜਾਂ ਸੋਧਣ ਦੀ ਆਗਿਆ ਦਿੰਦੇ ਹੋ।

4.2.4 ਤੁਸੀਂ ਇਲਾਜ ਦੀਆਂ ਵਿਕਲਪਕ ਤਕਨੀਕਾਂ ਜਾਂ ਸਮੱਗਰੀਆਂ, ਕਿਸੇ ਖੋਜ ਅਧਿਐਨ ਵਿੱਚ ਭਾਗ ਲੈਣ ਜਾਂ ਉਹਨਾਂ ਦੀਆਂ ਤਸਵੀਰਾਂ ਜਾਂ ਜਾਣਕਾਰੀ ਦੀ ਕੋਈ ਵਰਤੋਂ ਕਰਨ ਲਈ ਆਪਣੇ ਮਰੀਜ਼ ਤੋਂ ਸਹਿਮਤੀ ਪ੍ਰਾਪਤ ਕਰਦੇ ਹੋ।

4.2.5 ਤੁਸੀਂ ਆਪਣੇ ਮਰੀਜ਼ ਨੂੰ ਕਿਤੇ ਹੋਰ ਸਿਫ਼ਾਰਸ਼ ਕਰਨ (ਭੇਜਣ) ਦੇ ਕਾਰਨ ਬਾਰੇ ਸੂਚਿਤ ਕਰਦੇ ਹੋ ਅਤੇ ਸਿਫ਼ਾਰਸ਼ਾਂ ਦੇ ਵਿਕਲਪ ਪ੍ਰਦਾਨ ਕਰਦੇ ਹੋ।

4.2.6 ਤੁਸੀ ਇਸ ਗੱਲ ਦੀ ਪੁਸ਼ਟੀ ਕਰਨ ਲਈ ਸਮਾਂ ਦਿੰਦੇ ਹੋ ਕਿ ਮਰੀਜ਼ ਨੂੰ ਦਿੱਤੀ ਗਈ ਜਾਣਕਾਰੀ ਨੂੰ ਸਮਝਦਾ ਹੈ ਅਤੇ ਜੇ ਅਸਪੱਸ਼ਟ ਹੋਵੇ ਤਾਂ ਸਵਾਲ ਪੁੱਛ ਸਕਦਾ ਹੈ।

4.2.7 ਤੁਸੀਂ ਆਪਣੇ ਮਰੀਜ਼ ਵਿੱਚ ਸਮਰੱਥਾ ਦੀ ਘਾਟ ਨੂੰ ਸਮਝਦੇ ਹੋ (ਜਿਵੇਂ ਕਿ ਬੌਧਿਕ ਵਿਕਾਰ, ਭਾਸ਼ਾ ਦੀ ਰੁਕਾਵਟ) ਅਤੇ ਜਾਣਕਾਰੀ ਦੇ ਕੇ ਸਹਿਮਤੀ ਲੈਣ ਲਈ ਵਿਵਸਥਾ ਬਣਾਉਂਦੇ ਹੋ। ਇਸ ਵਿੱਚ ਕਿਸੇ ਪ੍ਰਤਿਨਿਧ, ਸਰਪ੍ਰਸਤ ਜਾਂ ਓਹਨਾਂ ਦੀ ਸਹਾਇਤਾ ਕਰਨ ਵਾਲੇ ਵਿਅਕਤੀ ਨੂੰ ਸ਼ਾਮਲ ਕਰਨਾ ਹੋ ਸਕਦਾ ਹੈ ਤਾਂ ਜੋ ਉਹਨਾਂ ਦੀ ਤਰਫ਼ੋਂ ਇਲਾਜ ਵਾਸਤੇ ਸਹਿਮਤੀ ਪ੍ਰਦਾਨ ਕਰਨ ਵਿੱਚ ਉਹਨਾਂ ਦੀ ਸਹਾਇਤਾ ਕੀਤੀ ਜਾ ਸਕੇ।

4.2.8 ਤੁਸੀਂ ਸੰਬੰਧਿਤ ਕਨੂੰਨਾਂ ਦੀ ਪਾਲਣਾ ਕਰਦੇ ਹੋ।

4.2.9 ਤੁਸੀਂ ਆਪਣੇ ਮਰੀਜ਼ ਦੇ ਰਿਕਾਰਡ ਵਿੱਚ ਜਾਣਕਾਰੀ ਦੇ ਕੇ ਪ੍ਰਾਪਤ ਕੀਤੀ ਸਹਿਮਤੀ ਬਾਰੇ ਵਿਚਾਰ-ਵਟਾਂਦਰੇ ਨੂੰ ਉਚਿਤ ਤਰੀਕੇ ਨਾਲ ਦਰਜ ਕਰਦੇ ਹੋ।

## 4.3 ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਮਰੀਜ਼ ਦੀ ਖ਼ੁਦਮੁਖ਼ਤਿਆਰੀ ਦਾ ਆਦਰ ਕਰਨਾ ਚਾਹੀਦਾ ਹੈ ਅਤੇ ਉਹਨਾਂ ਦੀ ਦੇਖਭਾਲ ਬਾਰੇ ਜਾਣਕਾਰੀ ਭਰਪੂਰ ਫ਼ੈਸਲੇ ਲੈਣ ਵਿੱਚ ਉਹਨਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ।

### ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

4.3.1 ਤੁਸੀਂ ਆਪਣੇ ਮਰੀਜ਼ ਨੂੰ ਉਹਨਾਂ ਦੀ ਸਿਹਤ ਬਾਰੇ ਆਪਣੇ ਫ਼ੈਸਲੇ ਲੈਣ ਦੇ ਅਧਿਕਾਰਾਂ ਦਾ ਕ੍ਰਿਆਸ਼ੀਲ ਢੰਗ ਨਾਲ ਸਮਰਥਨ ਕਰਦੇ ਹੋ।

4.3.2 ਤੁਸੀਂ ਆਪਣੇ ਮਰੀਜ ਦੇ ਆਪਣੇ ਸਿਹਤ ਪ੍ਰਦਾਨਕ ਦੀ ਚੋਣ ਕਰਨ, ਦੂਜੀ ਰਾਏ ਲੈਣ ਅਤੇ/ਜਾਂ ਕਿਤੇ ਹੋਰ ਇਲਾਜ ਕਰਾਉਣ ਦੇ ਅਧਿਕਾਰ ਦਾ ਆਦਰ ਕਰਦੇ ਹੋ।

4.3.3 ਤੁਸੀਂ ਆਪਣੇ ਮਰੀਜ਼ ਅਤੇ ਉਹਨਾਂ ਦੇ ਨੁਮਾਇੰਦਿਆਂ, ਸਰਪ੍ਰਸਤਾਂ ਅਤੇ/ਜਾਂ ਸਹਾਇਕ ਲੋਕਾਂ ਨਾਲ ਦੇਖਭਾਲ ਸੰਬੰਧੀ ਯੋਜਨਾ ਬਣਾਉਣ ਅਤੇ ਪ੍ਰਬੰਧਨ ਕਰਨ ਲਈ ਉਹਨਾਂ ਨਾਲ ਮਿਲ ਕੇ ਕੰਮ ਕਰਦੇ ਹੋ।

4.3.4 ਤੁਸੀਂ ਆਪਣੇ ਮਰੀਜ਼ ਨੂੰ ਉਹਨਾਂ ਦੀ ਦੇਖਭਾਲ ਵਿੱਚ ਸਰਗਰਮ ਭੂਮਿਕਾ ਨਿਭਾਉਣ ਵਿੱਚ ਸਮਰੱਥ ਬਣਾਉਂਦੇ ਹੋ।

4.3.5 ਜਦੋਂ ਤੁਸੀਂ ਆਪਣੇ ਮਰੀਜ਼ ਦੇ ਫ਼ੈਸਲੇ ਨਾਲ ਸਹਿਮਤ ਨਹੀਂ ਹੁੰਦੇ, ਤਾਂ ਤੁਸੀਂ ਉਹਨਾਂ ਨੂੰ ਸੂਚਿਤ ਕਰਦੇ ਹੋ ਅਤੇ ਸਰਗਰਮੀ ਨਾਲ ਹੱਲ ਦੀ ਤਲਾਸ਼ ਕਰਦੇ ਹੋ।

## 4.4 ਜਦੋਂ ਦੇਖਭਾਲ ਯੋਜਨਾ ਅਨੁਸਾਰ ਨਹੀਂ ਚੱਲਦੀ ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਤੁਰੰਤ ਆਪਣੇ ਮਰੀਜ਼ ਨੂੰ ਸੂਚਿਤ ਕਰਨਾ ਚਾਹੀਦਾ ਹੈ।

### ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

4.4.1 ਜਦੋਂ ਇਲਾਜ ਪੂਰਵ-ਅਨੁਮਾਨ ਅਨੁਸਾਰ ਨਹੀਂ ਚੱਲਦਾ ਤਾਂ ਤੁਸੀਂ ਆਪਣੇ ਮਰੀਜ਼ ਨੂੰ ਸੂਚਿਤ ਕਰਦੇ ਹੋ।

4.4.2 ਜਦੋਂ ਕੋਈ ਸਮੱਸਿਆ ਪੈਦਾ ਹੁੰਦੀ ਹੈ ਤਾਂ ਤੁਸੀਂ ਤੁਰੰਤ ਉਹ ਜ਼ਾਹਰ ਕਰਦੇ ਹੋ ਅਤੇ ਆਪਣੇ ਮਰੀਜ਼ ਨਾਲ ਇਸਦੇ ਨਤੀਜਿਆਂ ਅਤੇ ਸੰਭਾਵਿਤ ਹੱਲਾਂ ਬਾਰੇ ਵਿਚਾਰ-ਵਟਾਂਦਰਾ ਕਰਦੇ ਹੋ।

4.4.3 ਜਦੋਂ ਕੋਈ ਖ਼ਤਰਨਾਕ ਘਟਨਾ ਵਾਪਰਦੀ ਹੈ, ਜਾਂ ਜਾਣਕਾਰੀ ਦੇ ਕੇ ਪ੍ਰਾਪਤ ਕੀਤੀ ਸਹਿਮਤੀ ਦੌਰਾਨ ਵਿਚਾਰੇ ਗਏ ਸੰਭਾਵੀ ਨੁਕਸਾਨ ਦਾ ਅਹਿਸਾਸ ਹੁੰਦਾ ਹੈ ਤਾਂ ਤੁਸੀਂ ਤੁਰੰਤ ਆਪਣੇ ਮਰੀਜ਼ ਨੂੰ ਸੂਚਿਤ ਕਰਦੇ ਹੋ।

*ਮਿਆਰਾਂ ਦੀ ਸ਼ੁਰੂਆਤ 'ਤੇ ਵਾਪਸ ਜਾਓ>>*

# ਸਿਧਾਂਤ 5: ਮਰੀਜ਼ ਦੇ ਹਿਤ ਵਿੱਚ ਸਹਿਯੋਗ ਕਰੋ

## 5.1 ਤੁਹਾਨੂੰ ਲਾਜ਼ਮੀ ਤੌਰ 'ਤੇ ਮੌਖਿਕ ਸਿਹਤ ਟੀਮ ਦੇ ਸਾਰੇ ਮੈਂਬਰਾਂ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

5.1.1 ਤੁਸੀਂ ਟੀਮ ਦੇ ਸਾਰੇ ਮੈਂਬਰਾਂ ਨਾਲ ਆਦਰ ਨਾਲ ਵਿਹਾਰ ਕਰਦੇ ਹੋ। ਇਸ ਵਿੱਚ ਟੀਮ ਦੇ ਨਿਯੰਤ੍ਰਿਤ ਅਤੇ ਅਨਿਯੰਤ੍ਰਿਤ ਮੈਂਬਰ ਸ਼ਾਮਲ ਹਨ।

5.1.2 ਤੁਸੀਂ ਆਪਣੀ ਟੀਮ ਅੰਦਰ ਜਿਨਸੀ ਪਰੇਸ਼ਾਨੀ ਜਾਂ ਅਣਚਾਹੇ ਜਿਨਸੀ ਵਰਤਾਉ ਸਮੇਤ ਧੱਕੇਸ਼ਾਹੀ, ਪਰੇਸ਼ਾਨ ਕਰਨਾ ਅਤੇ ਭੇਦਭਾਵ ਦੀ ਰੋਕਥਾਮ ਲਈ ਸਰਗਰਮੀ ਨਾਲ ਹਿੱਸਾ ਲੈਂਦੇ ਹੋ।

5.1.3 ਤੁਸੀਂ ਟੀਮ ਮੈਂਬਰਾਂ ਦੇ ਯੋਗਦਾਨ ਲਈ ਖੁੱਲ੍ਹੇ ਦਿਲੇ ਹੋ ਅਤੇ ਉਹਨਾਂ ਦਾ ਆਦਰ ਕਰਦੇ ਹੋ ਜਿਨ੍ਹਾਂ ਕੋਲ ਅਜਿਹਾ ਗਿਆਨ ਜਾਂ ਤਜ਼ਰਬਾ ਹੋ ਸਕਦਾ ਹੈ ਜੋ ਮਰੀਜ਼ ਦੀ ਦੇਖਭਾਲ ਪ੍ਰਦਾਨ ਕਰਨ ਵਿੱਚ ਸਹਾਇਕ ਹੋ ਸਕਦਾ ਹੈ।

5.1.4 ਤੁਸੀਂ ਜਾਣਦੇ ਹੋ ਕਿ ਕਿਵੇਂ ਪੇਸ਼ੇਵਰ ਰੁਤਬਾ ਤੁਹਾਡੀ ਟੀਮ ਅੰਦਰ ਸ਼ਕਤੀ ਅਸੰਤੁਲਨ ਪੈਦਾ ਕਰ ਸਕਦਾ ਹੈ ਅਤੇ ਉਸ ਨੂੰ ਮਿਲਵਰਤਨ ਨਾਲ ਦੇਖਭਾਲ ਪ੍ਰਦਾਨ ਕਰਨ ਦੀ ਆਪਣੀ ਯੋਗਤਾ ਨੂੰ ਪ੍ਰਭਾਵਿਤ ਨਹੀਂ ਕਰਨ ਦਿੰਦੇ।

---

## 5.2 ਤੁਹਾਨੂੰ ਲਾਜ਼ਮੀ ਤੌਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨਾ ਚਾਹੀਦਾ ਹੈ ਅਤੇ ਮੌਖਿਕ ਸਿਹਤ ਟੀਮ ਦੇ ਮੈਂਬਰਾਂ ਵਿਚਕਾਰ ਖੁੱਲ੍ਹੀ ਗੱਲਬਾਤ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

5.2.1 ਤੁਸੀਂ ਸਮੇਂ ਸਿਰ ਟੀਮ ਦੇ ਮੈਂਬਰਾਂ ਨਾਲ ਸਪੱਸ਼ਟ ਢੰਗ ਨਾਲ ਗੱਲਬਾਤ ਕਰਦੇ ਹੋ ਅਤੇ ਇਹ ਯਕੀਨੀ ਬਣਾਉਂਦੇ ਹੋ ਕਿ ਟੀਮ ਦੇ ਉਚਿਤ ਮੈਂਬਰਾਂ ਨੂੰ ਆਪਣੇ ਮਰੀਜ਼ ਦੀ ਦੇਖਭਾਲ ਅਤੇ ਪ੍ਰਵਾਨਿਤ ਇਲਾਜ ਯੋਜਨਾਵਾਂ ਬਾਰੇ ਸੂਚਿਤ ਕੀਤਾ ਜਾਂਦਾ ਹੈ।

5.2.2 ਜਦੋਂ ਇਲਾਜ ਪੂਰਵ ਅਨੁਮਾਨ ਅਨੁਸਾਰ ਨਹੀਂ ਚੱਲਦਾ ਤਾਂ ਤੁਸੀਂ ਟੀਮ ਦੇ ਉਚਿਤ ਮੈਂਬਰਾਂ ਨੂੰ ਸੂਚਿਤ ਕਰਦੇ ਹੋ।

5.2.3 ਤੁਸੀਂ ਸੰਚਾਰ ਦੇ ਖੁੱਲ੍ਹੇ ਵਾਤਾਵਰਨ ਦਾ ਸਮਰਥਨ ਕਰਦੇ ਹੋ ਜਿੱਥੇ ਟੀਮ ਦੇ ਮੈਂਬਰ ਮੋੜਵੇਂ ਅਸਰਾਂ (ਕਾਰਵਾਈਆਂ) ਦੇ ਡਰ ਤੋਂ ਬਗ਼ੈਰ ਸੰਭਾਵਿਤ ਮੁੱਦੇ ਜਾਂ ਸਰੋਕਾਰ ਉਠਾ ਸਕਦੇ ਹਨ।

## 5.3 ਤੁਹਾਨੂੰ ਲਾਜ਼ਮੀ ਤੌਰ 'ਤੇ ਮੌਖਿਕ ਟੀਮ ਦੇ ਸਾਰੇ ਮੈਂਬਰਾਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣਾ ਚਾਹੀਦਾ ਹੈ ਅਤੇ ਅਭਿਆਸ ਦੇ ਪਹਿਲੂਆਂ ਦਾ ਉਚਿਤ ਤੌਰ 'ਤੇ ਹਵਾਲਾ ਦੇਣਾ, ਉਨ੍ਹਾਂ ਨੂੰ ਸਵੀਕਾਰ ਕਰਨਾ, ਅਧਿਕਾਰਤ ਕਰਨਾ ਜਾਂ ਕਿਸੇ ਹੋਰ ਨੂੰ ਅਧਿਕਾਰ ਸੌਂਪਣਾ ਚਾਹੀਦਾ ਹੈ।

ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

5.3.1 ਤੁਸੀਂ ਯੋਗਤਾਵਾਂ, ਕਰਤੱਵਾਂ ਅਤੇ ਜ਼ਿੰਮੇਵਾਰੀਆਂ, ਅਭਿਆਸ ਦੇ ਕਨੂੰਨੀ ਦਾਇਰੇ ਅਤੇ ਟੀਮ ਦੇ ਮੈਂਬਰਾਂ ਦੇ ਅਭਿਆਸ ਦੇ ਸੀਮਤ ਪਹਿਲੂਆਂ ਨੂੰ ਜਾਣਦੇ ਅਤੇ ਸਮਝਦੇ ਹੋ।

5.3.2 ਤੁਸੀਂ ਕੇਵਲ ਉਹ ਗਤੀਵਿਧੀਆਂ ਕਰਨ ਲਈ ਸਹਿਮਤ ਹੁੰਦੇ ਹੋ ਜੋ ਤੁਹਾਨੂੰ ਕਨੂੰਨ ਅਤੇ ਉਪ-ਕਨੂੰਨਾਂ ਵਿੱਚ ਦੱਸੇ ਅਨੁਸਾਰ ਪ੍ਰਦਾਨ ਕਰਨ ਦੀ ਆਗਿਆ ਹੈ।

5.3.3 ਤੁਸੀਂ ਕਨੂੰਨ ਦੀਆਂ ਸੀਮਾਵਾਂ ਜਾਣਦੇ ਹੋ ਅਤੇ ਟੀਮ ਦੇ ਕੇਵਲ ਉਹਨਾਂ ਮੈਂਬਰਾਂ ਨੂੰ ਦੇਖਭਾਲ ਦਾ ਅਧਿਕਾਰ ਸੌਂਪਦੇ, ਅਧਿਕਾਰ ਦਿੰਦੇ, ਰੈਫ਼ਰ ਕਰਦੇ ਜਾਂ ਤਜਵੀਜ਼ ਕਰਦੇ ਹੋ ਜਿਹਨਾਂ ਕੋਲ ਲੋੜੀਂਦਾ ਗਿਆਨ, ਹੁਨਰ ਅਤੇ ਯੋਗਤਾਵਾਂ ਹਨ।

---

## 5.4 ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਮਰੀਜ਼ ਦੀ ਦੇਖਭਾਲ ਦਾ ਸਮਰਥਨ ਕਰਨ ਲਈ ਮੌਖਿਕ ਸਿਹਤ ਟੀਮ ਤੋਂ ਬਾਹਰ ਹੋਰ ਸਿਹਤ ਪੇਸ਼ੇਵਰਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਸਹਿਯੋਗ ਕਰਨਾ ਚਾਹੀਦਾ ਹੈ।

ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

5.4.1 ਤੁਸੀਂ ਆਪਣੇ ਮਰੀਜ਼ ਦੇ ਹੋਰ ਸਿਹਤ ਪ੍ਰਦਾਤਾਵਾਂ ਨਾਲ ਖੁੱਲ੍ਹੇ ਸੰਚਾਰ ਦਾ ਸਮਰਥਨ ਕਰਦੇ ਹੋ।

5.4.2 ਤੁਸੀਂ ਇਹ ਸਮਝਦੇ ਹੋ ਕਿ ਜਦੋਂ ਵਧੇਰੇ ਸਿਹਤ ਜੋਖਮ ਜਾਂ ਸਰੋਕਾਰ ਹੁੰਦੇ ਹਨ ਅਤੇ ਤੁਸੀਂ ਆਪਣੇ ਮਰੀਜ਼ ਦੀ ਸਮੁੱਚੀ ਸਿਹਤ ਦਾ ਸਮਰਥਨ ਕਰਨ ਲਈ ਹੋਰ ਸਿਹਤ ਪ੍ਰਦਾਤਾਵਾਂ ਨਾਲ ਸਹਿਯੋਗ ਕਰਦੇ ਅਤੇ ਉਹਨਾਂ ਕੋਲ ਸਿਫਾਰਸ਼ ਕਰਦੇ ਹੋ।

5.4.3 ਤੁਸੀਂ ਉਨ੍ਹਾਂ ਹੋਰ ਸਿਹਤ ਪੇਸ਼ੇਵਰਾਂ ਨਾਲ ਆਦਰ ਨਾਲ ਵਿਹਾਰ ਕਰਦੇ ਹੋ ਜੋ ਤੁਹਾਡੇ ਸਾਂਝੇ ਮਰੀਜ਼ ਦੀ ਦੇਖਭਾਲ ਵਿੱਚ ਸ਼ਾਮਲ ਹੁੰਦੇ ਹਨ।

*ਮਿਆਰਾਂ ਦੀ ਸ਼ੁਰੂਆਤ 'ਤੇ ਵਾਪਸ ਜਾਓ>>*

# ਸਿਧਾਂਤ 6: ਜਨਤਕ ਵਿਸ਼ਵਾਸ਼ ਕਾਇਮ ਕਰਨਾ ਅਤੇ ਬਣਾਈ ਰੱਖਣਾ

## 6.1 ਤੁਹਾਨੂੰ ਲਾਜ਼ਮੀ ਇਮਾਨਦਾਰ ਅਤੇ ਭਰੋਸੇਮੰਦ ਹੋਣਾ ਚਾਹੀਦਾ ਹੈ।

ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

6.1.1 ਤੁਹਾਡਾ ਪੇਸ਼ੇਵਰ ਅਤੇ ਨਿੱਜੀ ਵਿਹਾਰ ਤੁਹਾਡੇ ਵਿੱਚ ਜਾਂ ਤੁਹਾਡੇ ਪੇਸ਼ੇ ਵਿੱਚ ਵਿਸ਼ਵਾਸ਼ ਨੂੰ ਕਮਜ਼ੋਰ ਨਹੀਂ ਕਰਦਾ।

6.1.2 ਤੁਸੀਂ ਮਰੀਜ਼ਾਂ, ਸਹਿਕਰਮੀਆਂ, BCCOHP ਅਤੇ ਜਨਤਾ ਨਾਲ ਸਾਰੀਆਂ ਗੱਲਾਂਬਾਤਾਂ ਵਿੱਚ ਸੱਚੇ ਅਤੇ ਪਾਰਦਰਸ਼ੀ ਹੋ।

6.1.3 ਤੁਸੀਂ ਮਰੀਜ਼ਾਂ ਜਾਂ ਜਨਤਾ ਨੂੰ ਸਿਹਤ ਸੰਭਾਲ, ਮਹੁੱਈਆ ਕੀਤੀਆਂ ਜਾਂਦੀਆਂ ਸੇਵਾਵਾਂ, ਦਵਾਈਆਂ, ਉਪਕਰਨਾਂ ਅਤੇ ਹੋਰ ਉਤਪਾਦਾਂ ਬਾਰੇ ਝੂਠੀ ਜਾਂ ਗੁੰਮਰਾਹ ਕਰਨ ਵਾਲੀ ਜਾਣਕਾਰੀ ਨਹੀਂ ਦਿੰਦੇ ਹੋ।

6.1.4 ਤੁਸੀਂ ਮੌਖਿਕ ਸਿਹਤ ਸੰਭਾਲ ਦਾ ਅਭਿਆਸ ਕਰਨ ਲਈ ਆਪਣੇ ਲਾਇਸੈਂਸ ਲਈ ਆਪਣੀਆਂ ਯੋਗਤਾਵਾਂ ਸਹੀ ਅਤੇ ਸਚਾਈ ਨਾਲ ਦਰਸਾਉਂਦੇ ਹੋ।

6.1.5 ਤੁਸੀਂ ਆਪਣੇ ਮਰੀਜ਼ ਜਾਂ ਕਿਸੇ ਵਿਅਕਤੀ ਦਾ, ਜਾਂ ਓਹਨਾਂ ਦੀ ਸਰੀਰਕ, ਮਾਨਸਿਕ ਜਾਂ ਭਾਵਨਾਤਮਕ ਅਵਸਥਾ ਦਾ ਫ਼ਾਇਦਾ ਨਹੀਂ ਉਠਾਉਂਦੇ।

## 6.2 ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਡੀ ਮੌਖਿਕ ਸਿਹਤ ਟੀਮ ਦੀ ਮਾਰਕੀਟਿੰਗ (ਮੰਡੀਕਰਨ)ਅਤੇ ਇਸ਼ਤਿਹਾਰ ਸਹੀ ਹਨ ਅਤੇ ਜਨਤਾ ਨੂੰ ਗੁੰਮਰਾਹ ਨਹੀਂ ਕਰਦੇ।

ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

6.2.1 ਤੁਹਾਡੀ ਇਸ਼ਤਿਹਾਰਬਾਜ਼ੀ ਅਤੇ ਮਾਰਕੀਟਿੰਗ BCCOHP ਉਪ-ਕਨੂੰਨ 15.03 ਵਿੱਚ ਨਿਰਧਾਰਤ ਲੋੜਾਂ ਨੂੰ ਪੂਰਾ ਕਰਦੀਆਂ ਹਨ।

## 6.3 ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਮਰੀਜ਼ ਨਾਲ ਪੇਸ਼ੇਵਰ ਤੇ ਨਿੱਜੀ ਸੀਮਾਵਾਂ ਬਣਾ ਕੇ ਰੱਖਣੀਆਂ ਚਾਹੀਦੀਆਂ ਹਨ।

ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

6.3.1 ਤੁਸੀਂ ਆਪਣੇ ਅਤੇ ਆਪਣੇ ਮਰੀਜ਼ ਵਿਚਕਾਰ ਸ਼ਕਤੀ ਅਸੰਤੁਲਨ ਦਾ ਸ਼ੋਸ਼ਣ ਨਾ ਕਰਕੇ ਵਿਸ਼ਵਾਸ਼ ਕਾਇਮ ਰੱਖਦੇ ਹੋ।

6.3.2 ਤੁਸੀਂ ਆਪਣੇ ਮਰੀਜ਼ ਨਾਲ ਉਚਿਤ ਪੇਸ਼ੇਵਰ ਸੀਮਾਵਾਂ ਸਥਾਪਤ ਕਰਦੇ ਅਤੇ ਬਣਾਈ ਰੱਖਦੇ ਹੋ।

6.3.3 ਤੁਸੀਂ ਆਪਣੇ ਮਰੀਜ਼ ਦੀਆਂ ਨਿੱਜੀ ਸੀਮਾਵਾਂ ਨੂੰ ਸਮਝਦੇ ਅਤੇ ਉਨ੍ਹਾਂ ਦਾ ਆਦਰ ਕਰਦੇ ਹੋ - ਜਿਸ ਵਿੱਚ ਸਰੀਰਕ ਅਤੇ ਭਾਵਨਾਤਮਕ ਸੀਮਾਵਾਂ ਸ਼ਾਮਲ ਹਨ - ਅਤੇ ਤੁਸੀਂ ਯਕੀਨੀ ਬਣਾਉਂਦੇ ਹੋ ਕਿ ਉਨ੍ਹਾਂ ਦੀ ਇਸ ਢੰਗ ਨਾਲ ਉਲੰਘਣਾ ਨਹੀਂ ਕੀਤੀ ਜਾਂਦੀ ਜੋ ਤੁਹਾਡੇ ਮਰੀਜ਼ ਨੂੰ ਨੁਕਸਾਨ ਪਹੁੰਚਾ ਸਕਦੀ ਜਾਂ ਉਸਦਾ ਸ਼ੋਸ਼ਣ ਕਰ ਸਕਦੀ ਹੋਵੇ ਜਾਂ ਉਹਨਾਂ ਨੂੰ ਦੇਖਭਾਲ ਪ੍ਰਾਪਤ ਕਰਨ ਵਿੱਚ ਅਸਹਿਜ ਬਣਾ ਸਕਦੀ ਹੋਵੇ।

6.3.4 ਜਿੱਥੇ ਸੰਭਵ ਹੋਵੇ ਤੁਸੀਂ ਆਪਣੇ ਮਰੀਜ਼ ਨਾਲ ਰਿਸ਼ਤਾ ਸਿਹਤ ਸੰਭਾਲ ਵਾਤਾਵਰਨ ਤੱਕ ਸੀਮਤ ਰੱਖਦੇ ਹੋ। ਜੇ ਦੋਹਰਾ ਰਿਸ਼ਤਾ ਸਥਾਪਤ ਕੀਤਾ ਜਾਂਦਾ ਹੈ, ਤਾਂ ਤੁਸੀਂ ਕਿਸੇ ਵੀ ਅਜਿਹੇ ਟਕਰਾ ਦਾ ਖ਼ੁਲਾਸਾ ਕਰਦੇ ਹੋ ਅਤੇ ਉਸਦਾ ਪ੍ਰਬੰਧਨ ਕਰਦੇ ਹੋ ਜੋ ਤੁਹਾਡੇ ਮਰੀਜ਼ ਦੀ ਦੇਖਭਾਲ ਨੂੰ ਪ੍ਰਭਾਵਿਤ ਕਰ ਸਕਦਾ ਹੈ (ਦੇਖੋ 1.3) ।

## 6.4 ਤੁਹਾਨੂੰ ਲਾਜ਼ਮੀ ਕਿਸੇ ਮੌਜੂਦਾ ਮਰੀਜ਼ ਨਾਲ ਜਿਨਸੀ (ਕਾਮੁਕ) ਸੰਬੰਧ ਨਹੀਂ ਬਣਾਉਣਾ ਚਾਹੀਦਾ।

### ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

6.4.1 ਕਿਸੇ ਸਾਬਕਾ ਮਰੀਜ਼ ਨਾਲ ਜਿਨਸੀ ਸੰਬੰਧ ਬਣਾਉਣ ਤੋਂ ਪਹਿਲਾਂ ਤੁਸੀਂ ਉਸ ਨਾਲ ਆਪਣੇ ਡਾਕਟਰੀ ਰਿਸ਼ਤੇ ਨੂੰ ਉਚਿਤ ਢੰਗ ਨਾਲ ਖ਼ਤਮ ਕਰ ਦਿੱਤਾ ਹੈ। ਜਿੱਥੇ ਵਾਜਬ ਹੋਵੇ ਤੁਸੀਂ ਦੇਖਭਾਲ ਦੀ ਨਿਰੰਤਰਤਾ ਨੂੰ ਯਕੀਨੀ ਬਣਾਉਂਦੇ ਹੋ।

*ਇਹ ਤੁਹਾਡੇ ਪਤੀ/ ਪਤਨੀ ਜਾਂ ਬਹੁਤ ਨਜ਼ਦੀਕੀ ਸਾਥੀ ਉੱਪਰ ਲਾਗੂ ਨਹੀਂ ਹੁੰਦਾ (ਦੇਖੋ 1.3) ।*

## 6.5 ਤੁਹਾਨੂੰ ਲਾਜ਼ਮੀ ਤੌਰ 'ਤੇ ਕਿਸੇ ਵੀ ਕਿਸਮ ਦਾ ਜਿਨਸੀ ਦੁਰਾਚਾਰ ਜਾਂ ਜਿਨਸੀ ਦੁਰਵਿਹਾਰ ਨਹੀਂ ਕਰਨਾ ਚਾਹੀਦਾ।

### ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

6.5.1 ਤੁਸੀਂ ਆਪਣੇ ਮਰੀਜ਼ ਨਾਲ ਜਿਨਸੀ ਦੁਰਵਿਹਾਰ ਦਾ ਕੋਈ ਕੰਮ ਨਹੀਂ ਕੀਤਾ ਹੈ, ਜਿਸ ਵਿੱਚ ਸ਼ਾਮਲ ਹਨ:

a. ਜਿਨਸੀ ਸੰਭੋਗ ਜਾਂ ਕੋਈ ਜਿਨਸੀ ਪ੍ਰਕਿਰਤੀ ਦੇ ਕਿਸੇ ਹੋਰ ਕਾਰਜ ਵਿੱਚ ਸਾਮਲ ਹੋਣਾ ਜਾਂ ਹੋਣ ਦੀ ਕੋਸ਼ਿਸ਼ ਕਰਨੀ।
b. ਜਿਨਸੀ ਪ੍ਰਕਿਰਤੀ ਦੀ ਨੀਅਤ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਛੂਹਣਾ ਜਾਂ ਛੂਹਣ ਦੀ ਕੋਸ਼ਿਸ਼ ਕਰਨੀ।
c. ਆਪਣੇ ਮਰੀਜ਼ ਦੀ ਮੌਜੂਦਗੀ ਵਿੱਚ ਜਿਨਸੀ ਪ੍ਰਕਿਰਤੀ ਦੇ ਕਿਸੇ ਕੰਮ ਵਿੱਚ ਸ਼ਾਮਲ ਹੋਣਾ।
d. ਜਿਨਸੀ ਪ੍ਰਕਿਰਤੀ ਦੀ ਨੀਅਤ ਨਾਲ ਪਰੇਸ਼ਾਨ ਕਰਨਾ।
e. ਜਿਨਸੀ ਪ੍ਰਕਿਰਤੀ ਦੇ ਸੰਚਾਰ ਵਿੱਚ ਸ਼ਾਮਲ ਹੋਣਾ, ਜਿਸ ਵਿੱਚ ਜਿਨਸੀ ਸਮੱਗਰੀ ਵਾਲਾ ਸੰਚਾਰ ਕਰਨ ਜਾਂ ਮੀਡੀਆ ਸਾਂਝਾ ਕਰਨ ਦੀ ਬੇਨਤੀ ਕਰਨੀ।
f. ਆਪਣੇ ਮਰੀਜ਼ ਨਾਲ ਜਾਂ ਉਸ ਦੇ ਸੰਬੰਧ ਵਿੱਚ ਜਿਨਸੀ ਪ੍ਰਕਿਰਤੀ ਦੀ ਕਿਸੇ ਹੋਰ ਗਤੀਵਿਧੀ ਵਿੱਚ ਸ਼ਾਮਲ ਹੋਣਾ, ਭਾਵੇਂ ਅਜਿਹੀ ਗਤੀਵਿਧੀ ਸਿਹਤ ਸੇਵਾ ਵਾਤਾਵਰਨ ਦੇ ਅੰਦਰ ਜਾਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੌਰਾਨ ਵਾਪਰਦੀ ਹੈ ਜਾਂ ਨਹੀਂ।

*ਦੋਹਰੇ ਰਿਸ਼ਤੇ ਵਾਸਤੇ (ਦੇਖੋ 1.3), ਇਹ ਕੇਵਲ ਉਦੋਂ ਲਾਗੂ ਹੁੰਦਾ ਹੈ ਜਦੋਂ ਤੁਹਾਡਾ ਪਤੀ/ ਪਤਨੀ ਜਾਂ ਬਹੁਤ ਨਜ਼ਦੀਕੀ ਸਾਥੀ ਡਾਕਟਰੀ ਵਾਤਾਵਰਨ ਵਿੱਚ ਤੁਹਾਡਾ ਮਰੀਜ਼ ਹੁੰਦਾ ਹੈ।*

6.5.2 ਤੁਸੀਂ ਆਪਣੇ ਮਰੀਜ਼, ਸਹਿਕਰਮੀ ਜਾਂ ਕਿਸੇ ਹੋਰ ਵਿਅਕਤੀ ਨਾਲ ਜਿਨਸੀ ਦੁਵਿਹਾਰ ਦਾ ਕੋਈ ਕੰਮ ਨਹੀਂ ਕੀਤਾ ਹੈ, ਜਿਸ ਵਿੱਚ ਸ਼ਾਮਲ ਹਨ:

a. ਗ਼ੈਰ-ਸਹਿਮਤੀ ਵਾਲੇ ਜਿਨਸੀ ਸੰਭੋਗ ਜਾਂ ਜਿਨਸੀ ਪ੍ਰਕਿਰਤੀ ਦੇ ਹੋਰ ਸਰੀਰਕ ਕਾਰਜ ਵਿੱਚ ਸ਼ਾਮਲ ਹੋਣਾ ਜਾਂ ਸ਼ਾਮਲ ਹੋਣ ਦੀ ਕੋਸ਼ਿਸ਼ ਕਰਨੀ।
b. ਦੂਜੇ ਵਿਅਕਤੀ ਦੀ ਸਹਿਮਤੀ ਤੋਂ ਬਗ਼ੈਰ ਜਿਨਸੀ ਪ੍ਰਕਿਰਤੀ ਦੀ ਨੀਅਤ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਛੂਹਣਾ ਜਾਂ ਛੂਹਣ ਦੀ ਕੋਸ਼ਿਸ਼ ਕਰਨੀ।
c. ਕਿਸੇ ਵਿਅਕਤੀ ਦੀ ਸਹਿਮਤੀ ਤੋਂ ਬਗ਼ੈਰ ਉਸਦੀ ਦੀ ਮੌਜੂਦਗੀ ਵਿੱਚ ਜਿਨਸੀ ਪ੍ਰਕਿਰਤੀ ਦੇ ਕਿਸੇ ਕੰਮ ਵਿੱਚ ਸ਼ਾਮਲ ਹੋਣਾ।

d. ਜਿਨਸੀ (ਕਾਮੁਕ) ਉਦੇਸ਼ਾਂ ਲਈ ਕਿਸੇ ਵਿਅਕਤੀ ਨਾਲ ਚਲਾਕੀ ਕਰਨਾ ਜਾਂ ਉਸਦਾ ਸ਼ੋਸ਼ਣ ਕਰਨਾ, ਜਿਸ ਵਿੱਚ ਜਿਨਸੀ ਪ੍ਰਕਿਰਤੀ ਦੇ ਕੰਮਾਂ ਬਦਲੇ ਸੇਵਾਵਾਂ ਦੀ ਪੇਸ਼ਕਸ਼ ਕਰਨੀ ਜਾਂ ਸੇਵਾਵਾਂ ਪ੍ਰਦਾਨ ਕਰਨੀਆਂ ਸ਼ਾਮਲ ਹਨ, ਭਾਵੇਂ ਇਹ ਸੇਵਾਵਾਂ ਸਿਹਤ ਸੇਵਾਵਾਂ ਹੋਣ ਜਾਂ ਨਾ ਹੋਣ।

e. ਕਿਸੇ ਵਿਅਕਤੀ ਨਾਲ ਵਿਸ਼ਵਾਸ ਜਾਂ ਭਾਵਨਾਤਮਕ ਸੰਬੰਧ ਦਾ ਰਿਸ਼ਤਾ ਬਣਾਉਣਾ ਅਤੇ ਉਸ ਰਿਸ਼ਤੇ ਦੀ ਵਰਤੋਂ ਉਸ ਵਿਅਕਤੀ ਨਾਲ ਦੁਵਿਹਾਰ ਕਰਨ, ਚਲਾਕੀ ਕਰਨ ਜਾਂ ਸ਼ੋਸ਼ਣ ਕਰਨ ਲਈ ਜਾਂ ਕੋਸ਼ਿਸ਼ ਕਰਨ ਲਈ ਕਰਨੀ।

## 6.6 ਜੇ ਮਰੀਜ਼ ਨੂੰ ਨੁਕਸਾਨ ਹੋਣ ਦਾ ਖ਼ਤਰਾ ਹੈ ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਸਰੋਕਾਰਾਂ ਨੂੰ ਹੱਲ ਕਰਨਾ ਚਾਹੀਦਾ ਹੈ।

### ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

6.6.1 ਤੁਸੀਂ BCCOHP ਨੂੰ ਰਿਪੋਰਟ ਕਰਦੇ ਹੋ, ਜੇ ਮੌਖਿਕ ਸਿਹਤ ਸੰਭਾਲ ਦੇ ਤੁਹਾਡੇ ਨਿਰੰਤਰ ਅਭਿਆਸ ਦੇ ਨਤੀਜੇ ਵਜੋਂ ਤੁਹਾਡੇ ਮਰੀਜ਼ਾਂ ਜਾਂ ਮੌਖਿਕ ਸਿਹਤ ਟੀਮ ਨੂੰ ਨੁਕਸਾਨ ਪਹੁੰਚ ਸਕਦਾ ਹੈ (2.8 ਦੇਖੋ)।

6.6.2 ਜਦੋਂ ਤੁਸੀਂ ਆਪਣੀ ਮੌਖਿਕ ਸਿਹਤ ਟੀਮ ਦੇ ਅੰਦਰ ਕਿਸੇ ਵੀ ਅਜਿਹੀ ਯੋਗਤਾ ਜਾਂ ਵਤੀਰੇ ਤੋਂ ਜਾਣੂ ਹੋ ਜਾਂਦੇ ਹੋ ਜੋ ਕਿਸੇ ਮਰੀਜ਼ ਜਾਂ ਸਹਿਕਰਮੀ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਤੁਸੀਂ ਖ਼ਤਰੇ ਬਾਰੇ ਵਿਚਾਰ ਕਰਦੇ ਹੋ ਅਤੇ ਸਰੋਕਾਰਾਂ ਨੂੰ ਉਚਿਤ ਢੰਗ ਨਾਲ ਉਠਾ ਕੇ ਅਤੇ ਹੱਲ ਕਰਕੇ ਆਪਣੇ ਸਹਿਕਰਮੀ ਦਾ ਸਮਰਥਨ ਕਰਦੇ ਹੋ।

6.6.3 ਤੁਸੀਂ BCCOHP ਨੂੰ ਰਿਪੋਰਟ ਕਰਨ ਦਾ ਆਪਣਾ ਫ਼ਰਜ਼ ਪੂਰਾ ਕੀਤਾ ਹੈ, ਜੇ ਤੁਹਾਡੇ ਕੋਲ ਇਹ ਵਿਸ਼ਵਾਸ ਕਰਨ ਲਈ ਵਾਜਬ ਅਧਾਰ ਹਨ ਕਿ ਕੋਈ ਸਹਿਕਰਮੀ ਮਰੀਜ਼ਾਂ ਜਾਂ ਜਨਤਾ ਲਈ ਖ਼ਤਰਾ ਪੇਸ਼ ਕਰਦਾ ਹੈ। ਇਸ ਵਿੱਚ ਸਿਹਤ ਅਤੇ ਤੰਦਰੁਸਤੀ ਦੇ ਅਣਸੁਲਝਾਏ ਸਰੋਕਾਰ ਸ਼ਾਮਲ ਹਨ ਜੋ ਮਰੀਜ਼ ਦੀ ਦੇਖਭਾਲ ਨੂੰ ਪ੍ਰਭਾਵਿਤ ਕਰ ਸਕਦੇ ਹਨ, ਜਿਵੇਂ ਕਿ ਨਸ਼ਿਆਂ ਦਾ ਝੱਸ।

6.6.4 ਤੁਸੀਂ BCCOHP ਨੂੰ ਕਿਸੇ ਵੀ ਦੁਰਵਿਹਾਰ ਦੀ ਰਿਪੋਰਟ ਕਰਨ ਦਾ ਆਪਣਾ ਫ਼ਰਜ਼ ਪੂਰਾ ਕੀਤਾ ਹੈ/

6.6.5 ਤੁਸੀਂ ਉਚਿਤ ਅਧਿਕਾਰੀਆਂ ਨੂੰ ਰਿਪੋਰਟ ਕਰਨ ਦਾ ਆਪਣਾ ਫ਼ਰਜ਼ ਪੂਰਾ ਕਰ ਲਿਆ ਹੈ ਜੇ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਤੁਹਾਡੇ ਮਰੀਜ਼ ਨੂੰ ਸਰੀਰਕ ਨੁਕਸਾਨ ਪਹੁੰਚਾਇਆ, ਅਣਗੌਲਿਆ ਕੀਤਾ ਜਾਂ ਉਸ ਨਾਲ ਦੁਰਵਿਹਾਰ ਕੀਤਾ ਜਾ ਰਿਹਾ ਹੈ ਜਾਂ ਉਸਨੂੰ ਲਾਗੂ ਕਨੂੰਨ ਅਨੁਸਾਰ ਸੁਰੱਖਿਆ ਦੀ ਲੋੜ ਹੈ।

6.6.6 ਤੁਹਾਡੇ ਮਰੀਜ਼ ਨੂੰ ਪੁਨਰ ਜੀਵਤਾ, ਐਮਰਜੈਂਸੀ ਬਦਲੀ ਜਾਂ ਹਸਪਤਾਲ ਭੇਜਣ (ਰੈਫ਼ਰਲ) ਦੀ ਲੋੜ ਪੈਣ 'ਤੇ, ਜਾਂ ਇਲਾਜ ਦੌਰਾਨ ਜਾਂ ਇਲਾਜ ਤੋਂ ਬਾਅਦ ਮੌਤ ਹੋ ਜਾਣ ਦੀ ਸੂਰਤ ਵਿੱਚ, ਤੁਸੀਂ ਪ੍ਰਕਿਰਿਆ ਦੇ 10 ਦਿਨਾਂ ਦੇ ਅੰਦਰ BCCOHP ਨੂੰ ਸੰਗੀਨ ਘਟਨਾ ਦੀ ਰਿਪੋਰਟ ਕਰਦੇ ਹੋ।

## 6.7 ਤੁਹਾਨੂੰ ਇੱਕ ਨਿਯੰਤ੍ਰਿਤ ਸਿਹਤ ਪੇਸ਼ੇਵਰ ਹੋਣ ਦੇ ਨਾਤੇ ਆਪਣੀਆਂ ਜ਼ਿੰਮੇਵਾਰੀਆਂ ਬਾਰੇ ਲਾਜ਼ਮੀ ਪਤਾ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

### ਮਿਆਰ ਪੂਰਾ ਕਰਨ ਲਈ ਤੁਹਾਨੂੰ ਇਹ ਲਾਜ਼ਮੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ:

6.7.1 ਤੁਸੀਂ *ਐਕਟ*, ਨਿਯਮਾਂ, ਅਤੇ BCCOHP ਉਪ-ਨਿਯਮਾਂ ਦੇ ਅਧੀਨ ਪੇਸ਼ੇਵਰ ਕਰਤੱਵਾਂ ਨੂੰ ਜਾਣਦੇ ਅਤੇ ਉਨ੍ਹਾਂ ਦੀ ਪਾਲਣਾ ਕਰਦੇ ਹੋ।

6.7.2 ਤੁਸੀਂ BCCOHP ਦੇ ਸੰਚਾਰਾਂ, ਮਿਆਰਾਂ, ਰਜਿਸਟਰੇਸ਼ਨ, ਗੁਣਵੱਤਾ ਭਰੋਸਾ ਪ੍ਰੋਗਰਾਮ, ਸੁਵਿਧਾ ਮੁਲਾਂਕਣਾਂ ਅਤੇ ਕਿਸੇ ਹੋਰ ਲੋੜਾਂ ਨਾਲ ਸਮੇਂ ਦੇ ਹਾਣੀ ਹੋ।

6.7.3 ਤੁਸੀਂ ਕਿਸੇ ਵੀ ਚੱਲ ਰਹੀਆਂ ਸ਼ਿਕਾਇਤ ਜਾਂਚਾਂ ਜਾਂ BCCOHP ਤੋਂ ਸਿੱਧੇ ਸੰਚਾਰ ਦੀ ਪਾਲਣਾ ਕਰਦੇ ਹੋ ਅਤੇ ਸਮੇਂ ਸਿਰ ਅਤੇ ਉਚਿਤ ਢੰਗ ਨਾਲ ਜਵਾਬ ਦਿੰਦੇ ਹੋ।

*ਮਿਆਰਾਂ ਦੀ ਸ਼ੁਰੂਆਤ 'ਤੇ ਵਾਪਸ ਜਾਓ>>*

# ਪਰਿਭਾਸ਼ਿਕ ਸ਼ਬਦਾਵਲੀ

***ਐਕਟ***
*ਮਿਆਰ: 2.1, 2.2, 6.7*
ਬ੍ਰਿਟਿਸ਼ ਕੋਲੰਬੀਆ ਵਿੱਚ ਵਰਤਮਾਨ ਸਿਹਤ ਕਨੂੰਨ: *ਹੈਲਥ ਪ੍ਰੋਫੈਸ਼ਨਜ਼ ਐਕਟ, ਦਾ ਹਵਾਲਾ ਦਿੰਦਾ ਹੈ।*

**ਭੇਦਭਾਵ ਵਿਰੋਧੀ**
*ਮਿਆਰ: 3.3*
ਇਸਦਾ ਇਰਾਦਾ ਭੇਦਭਾਵ ਨੂੰ ਰੋਕਣਾ ਜਾਂ ਇਸਦਾ ਵਿਰੋਧ ਕਰਨਾ ਹੈ।

**ਨਸਲਵਾਦ ਵਿਰੋਧੀ**
*ਮਿਆਰ: 3.3*
ਨਸਲਵਾਦ ਨੂੰ ਕਾਇਮ ਰੱਖਣ ਵਾਲੀਆਂ ਕਦਰਾਂ-ਕੀਮਤਾਂ, ਢਾਂਚਿਆਂ, ਨੀਤੀਆਂ, ਪ੍ਰੋਗਰਾਮਾਂ, ਰੀਤੀ-ਰਿਵਾਜਾਂ ਅਤੇ ਵਿਹਾਰਾਂ ਬਾਰੇ ਸਰਗਰਮੀ ਨਾਲ ਜਾਣਨਾ, ਚੁਣੌਤੀ ਦੇਣਾ, ਰੋਕਣਾ, ਖ਼ਤਮ ਕਰਨਾ ਅਤੇ ਬਦਲਣ ਦਾ ਅਭਿਆਸ।

**ਅਧਿਕਾਰ ਦੇਣਾ**
*ਮਿਆਰ: 5.3*
ਕਿਸੇ ਵਿਅਕਤੀ ਨੂੰ ਨਿਗਰਾਨੀ ਹੇਠ ਕੋਈ ਕੰਮ ਕਰਨ ਲਈ ਨਿਰਦੇਸ਼ ਦੇਣਾ। ਵਧੇਰੇ ਜਾਣਕਾਰੀ ਲਈ BCCOHP ਉਪ-ਕਨੂੰਨ 11.01 ਦੇਖੋ।

**ਖ਼ੁਦਮੁਖ਼ਤਿਆਰੀ**
*ਮਿਆਰ: 1.3,4.3*
ਕਿਸੇ ਵਿਅਕਤੀ ਦੀ ਆਪਣੇ ਫ਼ੈਸਲੇ ਖ਼ੁਦ ਲੈਣ ਦੀ ਯੋਗਤਾ।

**ਹਿਤਾਂ ਦਾ ਟਾਕਰਾ**
*ਮਿਆਰ: 1.2,1.3*
ਇਹ ਉਦੋਂ ਵਾਪਰਦਾ ਹੈ ਜਦੋਂ ਕੋਈ ਹਿਤ (ਵਿੱਤੀ ਜਾਂ ਹੋਰ) ਪੇਸ਼ੇਵਰ ਜ਼ਿੰਮੇਵਾਰੀਆਂ ਨਾਲ ਮੁਕਾਬਲਾ ਕਰਦਾ ਹੈ ਅਤੇ ਇੱਕ ਅਜਿਹਾ ਅਸਲ, ਸੰਭਾਵਿਤ ਜਾਂ ਪ੍ਰਤੀਤ ਕੀਤਾ ਜਾਂਦਾ ਖ਼ਤਰਾ ਹੁੰਦਾ ਹੈ ਕਿ ਮੌਖਿਕ ਸਿਹਤ ਪੇਸ਼ੇਵਰ ਆਪਣੇ ਮਰੀਜ਼ ਦੀ ਦੇਖਭਾਲ ਨਾਲੋਂ ਉਸ ਹਿਤ ਨੂੰ ਤਰਜੀਹ ਦਿੰਦਾ ਹੈ।

**ਦੇਖਭਾਲ ਦੀ ਨਿਰੰਤਰਤਾ**
*ਮਿਆਰ: 1.8, 2.6, 6.4*
ਦੇਖਭਾਲ ਤੱਕ ਨਿਰੰਤਰ ਪਹੁੰਚ ਨੂੰ ਸੁਵਿਧਾਜਨਕ ਬਣਾਉਣ ਲਈ ਸਿਹਤ ਪੇਸ਼ੇਵਰਾਂ ਦੀ ਜ਼ਿੰਮੇਵਾਰੀ। ਇਸ ਵਿੱਚ ਮਰੀਜਾਂ ਦੀ ਦੇਖਭਾਲ ਦੇ ਨਿਰੰਤਰ ਪ੍ਰਬੰਧਨ ਦਾ ਸਮਰਥਨ ਕਰਨ ਲਈ ਸਿਹਤ ਪੇਸ਼ੇਵਰਾਂ ਵਿਚਕਾਰ ਪ੍ਰਭਾਵਸ਼ਾਲੀ ਸਹਿਯੋਗ, ਤਾਲਮੇਲ ਅਤੇ ਪੈਰਵੀ ਸ਼ਾਮਲ ਹੁੰਦੀ ਹੈ।

**ਸੱਭਿਆਚਾਰਕ ਤੌਰ 'ਤੇ ਜਵਾਬਦੇਹ**
*ਮਿਆਰ: 3.2*
ਉਹਨਾਂ ਲੋਕਾਂ, ਜਿਹਨਾਂ ਨਾਲ ਤੁਸੀਂ ਗੱਲਬਾਤ ਕਰਦੇ ਹੋ, ਦੇ ਵਿਭਿੰਨ ਸੱਭਿਆਚਾਰਕ ਪਿਛੋਕੜ, ਰੀਤੀ-ਰਿਵਾਜਾਂ ਨੂੰ ਜਾਣਨ, ਸਮਝਣ ਅਤੇ ਆਦਰ ਕਰਨ ਦੀ ਯੋਗਤਾ। ਇਸ ਵਿੱਚ ਵੱਖ-ਵੱਖ ਸੱਭਿਆਚਾਰਕ ਸਮੂਹਾਂ ਦੀਆਂ ਵਿਲੱਖਣ ਲੋੜਾਂ ਪੂਰੀਆਂ ਕਰਨ ਲਈ ਕਾਰਜ ਪ੍ਰਣਾਲੀ, ਨੀਤੀਆਂ ਅਤੇ ਸੰਚਾਰ ਸ਼ੈਲੀਆਂ ਨੂੰ ਅਪਣਾਉਣਾ, ਇੱਕ ਸਮਾਵੇਸ਼ੀ ਅਤੇ ਸਹਾਇਕ ਵਾਤਾਵਰਨ ਉਤਸ਼ਾਹਿਤ ਕਰਨਾ ਸ਼ਾਮਲ ਹੈ। ਇਹ ਸੱਭਿਆਚਾਰਕ ਭਿੰਨਤਾਵਾਂ ਤੋਂ ਜਾਣੂ ਹੋਣ, ਉਨ੍ਹਾਂ ਵਖਰੇਵਿਆਂ ਦੀ ਕਦਰ ਕਰਨ ਅਤੇ ਸ਼ਮੂਲੀਅਤ, ਵਿਸ਼ਵਾਸ ਅਤੇ ਸਕਾਰਾਤਮਕ ਨਤੀਜਿਆਂ ਨੂੰ ਵਧਾਉਣ ਲਈ ਉਨ੍ਹਾਂ ਨੂੰ ਅਨੁਕੂਲ ਬਣਾਉਣ ਵਾਸਤੇ ਸਰਗਰਮੀ ਨਾਲ ਕੰਮ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੰਦਾ ਹੈ।

**ਸੱਭਿਅਚਾਰਕ ਤੌਰ 'ਤੇ ਸੁਰੱਖਿਅਤ ਦੇਖਭਾਲ**
*ਮਿਆਰ: 3.4*
ਦੇਖਭਾਲ ਦਾ ਪ੍ਰਬੰਧ ਜੋ ਸਰੀਰਕ, ਸਮਾਜਿਕ, ਭਾਵਨਾਤਮਕ ਅਤੇ ਅਧਿਆਤਮਿਕ ਤੌਰ 'ਤੇ ਸੁਰੱਖਿਅਤ, ਅਤੇ ਦੂਜਿਆਂ ਦੀਆਂ ਸੱਭਿਆਚਾਰਕ ਪਛਾਣਾਂ ਨੂੰ ਮਾਨਤਾ ਦਿੰਦਾ, ਅਤੇ ਆਦਰ ਕਰਦਾ ਹੈ, ਬਿਨਾਂ ਕਿਸੇ ਵਿਅਕਤੀ ਦੀ ਪਛਾਣ ਨੂੰ ਚੁਣੌਤੀ ਦੇਣ ਜਾਂ ਇਨਕਾਰ ਕਰਨ ਤੋਂ ਕਿ ਉਹ ਕੌਣ ਹਨ ਜਾਂ ਉਹਨਾਂ ਦੀਆਂ ਕੀ ਲੋੜਾਂ ਹਨ। ਸੱਭਿਆਚਾਰਕ ਤੌਰ 'ਤੇ ਅਸੁਰੱਖਿਅਤ ਦੇਖਭਾਲ ਕਿਸੇ ਵਿਅਕਤੀ ਦੀ ਸੱਭਿਆਚਾਰਕ ਪਛਾਣ ਅਤੇ ਤੰਦਰੁਸਤੀ ਨੂੰ ਘਟਾਉਂਦੀ, ਅਪਮਾਨਤ ਜਾਂ ਅਸਮਰਥ ਕਰਦੀ ਹੈ।

**ਅਧਿਕਾਰ ਸੌਂਪਣਾ**
*ਮਿਆਰ: 5.3*

ਕਿਸੇ ਵਿਅਕਤੀ ਨੂੰ ਬਿਨਾਂ ਨਿਗਰਾਨੀ ਤੋਂ ਕੋਈ ਕੰਮ ਕਰਨ ਲਈ ਨਿਰਦੇਸ਼ ਦੇਣਾ। ਵਧੇਰੇ ਜਾਣਕਾਰੀ ਲਈ BCCOHP ਉਪ-ਕਨੂੰਨ 11.01 ਦੇਖੋ।

**ਭੇਦਭਾਵ**
*ਮਿਆਰ: 3.1, 3.3, 5.1*

ਕਿਸੇ ਵਿਅਕਤੀ ਜਾਂ ਲੋਕਾਂ ਦੇ ਵਿਸ਼ੇਸ਼ ਸਮੂਹ ਨਾਲ ਉਹਨਾਂ ਦੀ ਮੂਲਵਾਸੀ ਪਛਾਣ, ਨਸਲ, ਰੰਗ, ਵੰਸ਼, ਮੂਲ ਸਥਾਨ, ਧਰਮ, ਵਿਆਹੁਤਾ ਸਥਿਤੀ, ਪਰਿਵਾਰਕ ਰੁਤਬਾ, ਸਰੀਰਕ ਜਾਂ ਮਾਨਸਿਕ ਅਪੰਗਤਾ, ਲਿੰਗ, ਲਿੰਗਕ ਰੁਝਾਨ ਜਾਂ ਪ੍ਰਗਟਾਅ, ਉਮਰ, ਆਦਿ ਦੇ ਕਾਰਨ ਉਸ ਤਰੀਕੇ ਨਾਲੋਂ ਮਾੜਾ ਵਿਹਾਰ ਕਰਨਾ ਜਿਸ ਤਰੀਕੇ ਨਾਲ ਤੁਸੀਂ ਦੂਜੇ ਲੋਕਾਂ ਨਾਲ ਕਰਦੇ ਹੋ।

**ਦੋਹਰਾ ਰਿਸ਼ਤਾ**
*ਮਿਆਰ: 1.3, 6.3*

ਜਦੋਂ ਕਿਸੇ ਸਿਹਤ ਪੇਸ਼ੇਵਰ ਦੇ ਕਿਸੇ ਮਰੀਜ਼ ਨਾਲ ਸਿਹਤ ਪੇਸ਼ੇਵਰ-ਮਰੀਜ਼ ਰਿਸ਼ਤੇ ਤੋਂ ਇਲਾਵਾ ਇੱਕ ਜਾਂ ਵਧੇਰੇ ਰਿਸ਼ਤੇ ਜਾਂ ਫਰਜ਼ ਹੁੰਦੇ ਹਨ, ਜਿਵੇਂ ਕਿ ਪਰਿਵਾਰਕ (ਉਦਾਹਰਨ ਲਈ, ਮਾਪੇ, ਪਤੀ/ਪਤਨੀ, ਬੱਚਾ), ਸਮਾਜਿਕ (ਦੋਸਤ, ਅਧਿਆਪਕ), ਕਾਰੋਬਾਰੀ (ਸਹਿਕਰਮੀ) ਜਾਂ ਜਿਨਸੀ ਸੰਬੰਧ।

**ਨਿਆਸੰਗਤ**
*ਸਿਧਾਂਤ3*

ਜਾਇਜ਼ ਅਤੇ ਨਿਰਪੱਖ।

**ਜਾਇਜ਼ ਢੰਗ ਨਾਲ**
*ਮਿਆਰ: 3.1*

ਬਿਨਾ ਪੱਖਪਾਤ ਜਾਂ ਭੇਦਭਾਵ ਦੇ।

**ਨਿਰਪੱਖ**
*ਮਿਆਰ1.3, 3.1*

ਯਥਾਰਥਕ ਹੋਣਾ ਅਤੇ ਆਪਣੇ ਪੱਖਪਾਤੀ ਝੁਕਾਵਾਂ ਨੂੰ ਆਪਣੇ ਉੱਪਰ ਅਸਰ ਨਾ ਪਾਉਣ ਦੇਣਾ।

**ਜਾਣਕਾਰੀ ਦੇ ਕੇ ਲਈ ਸਹਿਮਤੀ**
*ਮਿਆਰ: 1.2, 1.3, 4.2, 4.4*

ਕਿਸੇ ਗਤੀਵਿਧੀ ਵਿੱਚ ਸ਼ਾਮਲ ਹੋਣ ਲਈ ਦਿੱਤੀ ਗਈ ਵਿਸ਼ੇਸ਼ ਇਜਾਜ਼ਤ ਜਾਂ ਸਾਰੇ ਤੱਥਾਂ, ਫ਼ਾਇਦਿਆਂ, ਜੋਖ਼ਮਾਂ ਅਤੇ ਵਿਕਲਪਾਂ ਬਾਰੇ ਸੂਚਿਤ ਕੀਤੇ ਜਾਣ ਅਤੇ ਜਾਣਕਾਰੀ ਨੂੰ ਸਮਝ ਲੈਣਾ ਯਕੀਨੀ ਬਣਾਉਣ ਤੋਂ ਬਾਅਦ ਕਿਸੇ ਗਤੀਵਿਧੀ ਵਿੱਚ ਸ਼ਾਮਲ ਨਾ ਹੋਣ ਦਾ ਫ਼ੈਸਲਾ।

**ਅੰਤਰ-ਪੀੜ੍ਹੀ ਸਦਮਾ**
*ਮਿਆਰ: 3.2*

ਪੁਰਾਣਾ ਜਾਂ ਸਮਕਾਲੀ ਸਦਮਾ ਜੋ ਸਮੇਂ ਦੇ ਨਾਲ ਵਧਿਆ ਹੈ ਅਤੇ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਮਿਲਿਆ ਹੈ, ਜਿਸ ਦੇ ਪ੍ਰਭਾਵ ਵਿਅਕਤੀਆਂ, ਪਰਿਵਾਰਾਂ, ਭਾਈਚਾਰਿਆਂ ਅਤੇ ਸਮੁੱਚੀ ਅਬਾਦੀ ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਕਰ ਸਕਦੇ ਹਨ।

**ਨਿੱਜੀ ਸੀਮਾਵਾਂ**
*ਮਿਆਰ: 6.3*

ਉਹ ਸੀਮਾਵਾਂ ਜੋ ਕੋਈ ਵਿਅਕਤੀ ਦੂਜੇ ਲੋਕਾਂ ਨਾਲ ਆਪਣੀ ਸੌਖ ਦੇ ਪੱਧਰ ਨੂੰ ਬਣਾਈ ਰੱਖਣ ਲਈ ਨਿਰਧਾਰਤ ਕਰ ਸਕਦਾ ਹੈ।

**ਸ਼ਕਤੀ ਅਸੰਤੁਲਨ**
*ਮਿਆਰ: 1.4, 3.1, 5.1, 6.3*

ਅਜਿਹੀ ਸਥੀਤੀ ਜਿੱਥੇ ਇੱਕ ਵਿਅਕਤੀ ਜਾਂ ਸਮੂਹ ਦਾ ਦੂਜੇ ਉੱਪਰ ਅਸਲ ਜਾਂ ਕਥਿਤ ਅਧਿਕਾਰ, ਨਿਯੰਤਰਣ ਜਾਂ ਪ੍ਰਭਾਵ ਹੁੰਦਾ ਹੈ ਭਾਵੇਂ ਉਹ ਮਾਨਤਾ ਪ੍ਰਾਪਤ ਹੋਵੇ ਜਾਂ ਨਾ।

**ਵਿਸ਼ੇਸ਼ ਅਧਿਕਾਰ**
*ਮਿਆਰ: 3.1*

ਫ਼ਾਇਦਾ, ਪੱਖ ਜਾਂ ਲਾਭ ਜੋ ਕਿਸੇ ਵਿਅਕਤੀ ਜਾਂ ਸਮੂਹ ਕੋਲ ਦੂਜਿਆਂ ਨਾਲੋਂ ਵੱਧ ਹੁੰਦਾ ਹੈ। ਹੋ ਸਕਦਾ ਹੈ ਕੋਈ ਵਿਅਕਤੀ ਆਪਣੇ ਨਿੱਜੀ ਵਿਸ਼ੇਸ਼ ਅਧਿਕਾਰ ਨੂੰ ਨਾ ਸਮਝਦਾ ਹੋਵੇ। ਵਿਸ਼ੇਸ਼ ਅਧਿਕਾਰ ਤੁਹਾਡੀ ਉਮਰ, ਲਿੰਗਕ ਪਛਾਣ, ਸਮਾਜਿਕ ਰੁਤਬਾ, ਸਿੱਖਿਆ, ਕਿੱਤਾ, ਨਾਗਰਿਕਤਾ, ਨਸਲ ਜਾਂ ਹੋਰ ਸਾਧਨਾਂ ਰਾਹੀਂ ਹਾਸਲ ਕੀਤਾ ਜਾ ਸਕਦਾ ਹੈ।

**ਪੇਸ਼ੇਵਰ ਸੀਮਾਵਾਂ**
*ਮਿਆਰ: 6.3*

ਉਹ ਸੀਮਾਵਾਂ ਜਾਂ ਦਿਸ਼ਾ ਨਿਰਦੇਸ਼ ਜੋ ਕੋਈ ਪੇਸ਼ੇਵਰ ਉਚਿਤ ਵਿਹਾਰ, ਸੰਚਾਰ ਅਤੇ ਰਿਸ਼ਤੇ ਸਥਾਪਤ ਕਰਨ ਲਈ ਨਿਰਧਾਰਤ ਕਰਦਾ ਹੈ।

**ਨਸਲਵਾਦ**
*ਮਿਆਰ: 3.3, 3.4*

ਇਹ ਵਿਸ਼ਵਾਸ ਕਿ ਲੋਕ ਆਪਣੀ ਨਸਲ ਜਾਂ ਜਾਤੀ ਦੇ ਅਧਾਰ 'ਤੇ ਘਟੀਆ ਜਾਂ ਉੱਤਮ ਹਨ। ਇਹ ਭੇਦਭਾਵ ਦਾ ਕਾਰਨ ਹੈ।

**ਨੁਕਸਾਨ ਦਾ ਖ਼ਤਰਾ**
*ਮਿਆਰ: 2.3, 2.8, 4.2, 5.4, 6.6*

ਇਹ ਸੰਭਾਵਨਾ ਕਿ ਕਿਸੇ ਵਿਅਕਤੀ ਨੂੰ ਨੁਕਸਾਨ ਹੋਵੇਗਾ ਜਾਂ ਮਾੜੇ ਪ੍ਰਭਾਵਾਂ ਦਾ ਅਨੁਭਵ ਹੋਵੇਗਾ।

**ਸੁਰੱਖਿਅਤ ਵਾਤਾਵਰਨ**
*ਮਿਆਰ: 4.1*

ਸਹਾਇਕ ਅਤੇ ਗ਼ੈਰ-ਡਰਾਉਣਾ ਵਾਤਾਵਰਨ।

**ਸੁਰੱਖਿਆ**
*ਜਾਣ ਪਛਾਣ, ਮਿਆਰ: 2.3, 2.6, 2.8*

ਰੋਕੇ ਜਾ ਸਕਣ ਵਾਲੇ ਨੁਕਸਾਨ ਤੋਂ ਸੁਰੱਖਿਅਤ ਰੱਖਣ ਦੀ ਸਥਿਤੀ।

**ਅਭਿਆਸ ਦਾ ਦਾਇਰਾ**
*ਮਿਆਰ: 2.2, 5.3*

ਉਨ੍ਹਾਂ ਗਤੀਵਿਧੀਆਂ ਦਾ ਦਾਇਰਾ ਜੋ ਕਿਸੇ ਸਿਹਤ ਸੰਭਾਲ ਪੇਸ਼ੇਵਰ ਨੂੰ ਆਪਣੇ ਪੇਸ਼ੇ ਦੇ ਅੰਦਰ ਕਰਨ ਦੀ ਇਜਾਜ਼ਤ ਹੈ, ਜੋ *ਐਕਟ* ਜਾਂ BCCOHP *ਉਪਨਿਯਮਾਂ* ਅਧੀਨ ਬ੍ਰਿਟਿਸ਼ ਕੋਲੰਬੀਆ ਵਿੱਚ ਸਿਹਤ ਪੇਸ਼ੇ ਦੇ ਨਿਯਮਾਂ ਵਿੱਚ ਨਿਰਧਾਰਤ ਕੀਤੀਆਂ ਗਈਆਂ ਹਨ।

**ਸਦਮਾ**
*ਮਿਆਰ: 1.4, 1.5, 3.2*

ਇੱਕ ਅਤਿਅੰਤ ਦੁੱਖਦਾਈ ਜਾਂ ਪਰੇਸ਼ਾਨ ਕਰਨ ਵਾਲਾ ਤਜਰਬਾ ਜੋ ਕਿਸੇ ਵਿਅਕਤੀ ਉੱਪਰ ਡੂੰਘਾ ਸਰੀਰਕ ਅਤੇ ਭਾਵਨਾਤਮਕ ਪ੍ਰਭਾਵ ਪਾ ਸਕਦਾ ਹੈ।

**ਸਦਮਾ-ਸੂਚਿਤ ਪਹੁੰਚ**
*ਮਿਆਰ: 1.4*

ਅਜਿਹੀ ਪਹੁੰਚ ਜੋ ਕਿਸੇ ਵਿਅਕਤੀ ਦੇ ਲੱਛਣਾਂ, ਸਿਹਤ, ਅਤੇ ਵਿਹਾਰ ਅਤੇ ਦੇਖਭਾਲ ਪ੍ਰਾਪਤ ਕਰਨ ਦੀ ਯੋਗਤਾ 'ਤੇ ਸਦਮੇ ਦੇ ਪ੍ਰਭਾਵ ਨੂੰ ਪਛਾਣਦੀ ਹੈ ਅਤੇ ਹੱਲ ਕਰਦੀ ਹੈ।

**ਕਮਜ਼ੋਰ ਅਬਾਦੀ**
*ਮਿਆਰ: 1.5*

ਉਹਨਾਂ ਲੋਕਾਂ ਦੇ ਸਮੂਹ ਜਿਨ੍ਹਾਂ ਨੂੰ ਨੁਕਸਾਨ ਹੋਣ ਦਾ ਵਧੇਰੇ ਖ਼ਤਰਾ ਹੁੰਦਾ ਹੈ ਜਾਂ ਕਿਸੇ ਢੰਗ ਨਾਲ ਪਛੜੇ ਹੁੰਦੇ ਹਨ। ਕਮਜ਼ੋਰ ਅਬਾਦੀ ਵਿੱਚ ਅਜਿਹੇ ਵਿਅਕਤੀ ਸ਼ਾਮਲ ਹੋ ਸਕਦੇ ਹਨ ਜੋ ਸਹਿਮਤੀ ਪ੍ਰਦਾਨ ਕਰਨ ਵਿੱਚ ਅਸਮਰਥ ਹੁੰਦੇ ਹਨ ਜਾਂ ਜਿਨ੍ਹਾਂ ਦਾ ਕਿਸੇ ਦਬਾਅ ਵਿੱਚ ਆਉਣ ਦਾ ਖ਼ਤਰਾ ਹੁੰਦਾ ਹੈ।

*ਦਸਤਾਵੇਜ਼ ਦੇ ਸਿਖਰ 'ਤੇ ਵਾਪਸ ਜਾਓ>>*

# ਦਸਤਾਵੇਜ਼ ਇਤਿਹਾਸ

| | |
|---|---|
| ਬੋਰਡ ਨੇ ਪ੍ਰਵਾਨਗੀ ਦਿੱਤੀ | • ਮਾਰਚ 2025 |
| ਪ੍ਰਕਾਸ਼ਨ ਵੇਰਵੇ | • ਪ੍ਰਕਾਸ਼ਿਤ/ਲਾਗੂ ਜੂਨ 30, 2025 |
| ਲੇਖਕ | • ਪੇਸ਼ੇਵਰ ਮਿਆਰਾਂ ਨੂੰ BCCOHP ਦੀ ਸਟੈਂਡਰਡਜ਼ ਐਂਡ ਗਾਈਡੈਂਸ ਕਮੇਟੀ ਦੀ ਨਿਗਰਾਨੀ ਹੇਠ ਵਿਸ਼ਾ ਮਾਹਰਾਂ ਦੇ ਇੱਕ ਅੰਦਰੂਨੀ ਕਾਰਜ ਸਮੂਹ ਦੁਆਰਾ ਵਿਕਸਤ ਕੀਤਾ ਗਿਆ ਸੀ। |

BCCOHP | British Columbia College of Oral Health Professionals

ਡਾਕ ਪਤਾ
110 - 1765 8th Ave W
Vancouver, BC V6J 5C6

ਫੋਨ: 672.202.0448
ਟੋਲ ਫ੍ਰੀ: 1.888.202.0448
www.oralhealthbc.ca